ੴ ਸਤਿਗੁਰ ਪ੍ਰਸਾਦਿ ॥

# ਮਨੁੱਖਾ ਜੀਵਨ ਦੀ ਘਾੜਤ ਦੇ ਕਾਰਖ਼ਾਨੇ

# ਸਿੱਖ ਗੁਰਦੁਆਰੇ

ਰਾਮ ਮੋਕਉ ਹਰਿ ਜਨ ਕਾਰੈ ਲਾਈਐ ॥
ਹਉ ਪਾਣੀ ਪਖਾ ਪੀਸਉ ਸੰਤ ਆਗੈ
ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯੧)

They are satiated when fed on the name. In the company of holy men they sparkle in moral qualities like humility, compassion & contentment. —Shri Guru Ram Dass Ji

**ਲੇਖਕ ਤੇ ਪ੍ਰਕਾਸ਼ਕ--ਭਗਤ ਪੂਰਨ ਸਿੰਘ**

ਪਿੰਗਲਵਾੜਾ ਅੰਮ੍ਰਿਤਸਰ।

ਪੂਰਨ ਪ੍ਰਿੰਟਿੰਗ ਪ੍ਰੈਸ, ਤਹਿਸੀਲਪੁਰਾ, ਜੀ. ਟੀ. ਰੋਡ, ਅੰਮ੍ਰਿਤਸਰ।
(5-9-85 ਨੂੰ ਛਪਿਆ 10,000, ਹੁਣ ਤੱਕ ਕੁੱਲ ਛਪਿਆ 4,05,000)

Sri Satguru Jagjit Singh Ji eLibrary NamdhariElibrary@gmail.com

# ਭੂਮਿਕਾ

ਸੁਣੀ ਪੁਕਾਰ ਦਾਤਾਰ ਪ੍ਰਭੁ
ਗੁਰ ਨਾਨਕ ਜਗ ਮਾਹਿ ਪਠਾਇਆ ॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਸਾਰ ਵਿਚ ਆਉਣਾ ਸੰਸਾਰ ਦੇ ਪ੍ਰਾਣੀਆਂ ਦੇ ਦੁੱਖ ਹਰਨ ਲਈ ਕਿੰਨੀ ਵੱਡੀ ਮਹੱਤਤਾ ਵਾਲੀ ਗੱਗ ਸੀ ਇਸ ਗੱਲ ਨੂੰ ਭਾਈ ਗੁਰਦਾਸ ਜੀ ਨੇ ਆਪਣੇ ਉਪਰ ਲਿਖੇ ਵਾਕ ਵਿਚ ਬਿਆਨ ਚੀਤਾ ਹੈ। ਸ੍ਰੀ ਗਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਬੰਦਿਆਂ ਨੂੰ ਆਪਣੇ ਸੁਖ ਸ਼ਾਂਤੀ ਦੀ ਰੱਖਿਆ ਤੇ ਸਭਿਆਚਾਰ ਦੀ ਉੱਨਤੀ ਲਈ ਜੋ ਪੂੰਜੀ ਦਿਤੀ ਉਸ ਦਾ ਸਰੂਪ ਭਾਈ ਗੁਰਦਾਸ ਜੀ ਨੇ ਆਪਣੇ ਹੇਠ ਲਿਖੇ ਵਾਕ ਵਿਚ ਬਿਆਨ ਕੀਤਾ ਹੈ:–

'ਗੁਰੂ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ ॥'

ਗੁਰੂ ਘਰ ਦੀ ਸੰਗਤ ਪਾਸੋਂ ਬੰਦੇ ਨੂੰ ਜੋ ਲਾਭ ਪੁਜਦਾ ਹੈ ਉਸ ਦਾ ਪਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੇਠ ਲਿਖੇ ਸ਼ਬਦ ਤੋਂ ਲੱਗਦਾ ਹੈ:
'ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ'
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ

ਅਰਥਾਤ–ਗੁਰੂ ਸੰਗਤਿ ਵਿਚ ਮਿਲ ਕੇ ਬੰਦੇ ਦੇ ਆਤਮਿਕ ਗੁਣ ਜਿਵੇਂ ਦਇਆ, ਧਰਮ, ਧੀਰਜ, ਨਿਮਰਤਾ, ਮਿਠਾਸ, ਸਤਿ ਸੰਤੋਖ ਆਦਿਕ ਪ੍ਰਫੁਲਤ ਹੁੰਦੇ ਹਨ।

ਗੁਰਬਾਣੀ ਤੇ ਸੰਗਤ ਦੇ ਜ਼ਾਮਿਨ ਇਤਿਹਾਸਕ ਸਿੱਖ ਗੁਰਦੁਆਰੇ ਸੰਸਾਰ ਦੇ ਬੰਦਿਆਂ ਪਾਸ ਸਿੱਖ ਗੁਰੂ ਸਾਹਿਬਾਨ ਦੀ ਇਕ ਮਹਾਨ ਅਮਾਨਤ ਹਨ। ਸੰਸਾਰ ਵਿਚ ਗੁਰਬਾਣੀ ਤੇ ਸੰਗਤ ਦੇ ਪਰਵਾਹ ਨੂੰ ਜ਼ਾਰੀ ਰੱਖਣ ਦੇ ਸ਼ੋਮਿਆਂ (ਸਿੱਖ ਗੁਰਦੁਆਰਿਆਂ) ਦੇ ਸਤਿਕਾਰ ਲਈ ਜਿਹੜੀਆਂ ਸੱਧਰਾਂ ਇਕ ਗੁਰਸਿੱਖ ਦੇ ਹਿਰਦੇ ਵਿਚ ਪੈਦਾ ਹੁੰਦੀਆਂ ਹਨ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਦਾ ਹੇਠ ਲਿਖਿਆ ਸ਼ਬਦ ਬਿਆਨ ਕਰਦਾ ਹੈ:–

Sri Satguru Jagjit Singh Ji eLibrary NamdhariElibrary@gmail.com

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ
ਲੈ ਧੂਰਿ ਮੁਖਿ ਲਾਵਾ ॥

ਆਪਣੀ ੨੦ ਸਾਲਾਂ ਦੀ ਉਮਰ ਵਿਚ ਦਸਵੀਂ ਜਮਾਤ ਦੀ ਪੜ੍ਹਾਈ ਨੂੰ ਸਮਾਪਤ ਕਰਦਿਆਂ ਹੀ ਮੇਰਾ ਦਿਨ ਰਾਤ ਦਾ ਵਾਹ ਸਿੱਖ ਪੰਥ ਦੇ ਇਕ ਮਹਾਨ ਇਤਿਹਾਸਕ ਗੁਰਦੁਆਰੇ ਡੇਹਰਾ ਸਾਹਿਬ ਲਾਹੌਰ ਦੀ ਸੇਵਾ ਨਾਲ ਸੰਨ ੧੯੨੪ ਵਿਚ ਪੈ ਗਿਆ। ਉਸ ਮਹਾਨ ਅਸਥਾਨ ਦੀ ਸੇਵਾ ਕਰਦਿਆਂ ਹੋਇਆਂ ਮੈਂ ਦੇਸ਼ ਤੇ ਪ੍ਰਾਣੀ ਮਾਤਰ ਦੀ ਸੇਵਾ ਦੇ ਨਿਖੇੜਵੇਂ ਕਾਰਜ ਦੇ ਜੋ ਸੁਪਨੇ ਆਪਣੇ ਜੀਵਨ ਦੇ ਆਰੰਭ ਤੋਂ ਹੀ ਲਏ—ਜਿਨ੍ਹਾਂ ਦੀ ਪੂਰਤੀ ਲਈ ਮੈਂ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਤੋਂ ਸੁਤੰਤਰ ਰਹਿ ਕੇ ਆਪਣਾ ਜੀਵਨ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਸੰਨ ੧੯੪੭ ਦੀ ਦੇਸ਼ ਦੀ ਵੰਡ ਤਕ ੨੪ ਸਾਲਾਂ ਦੇ ਸਮੇਂ ਵਿਚ ਬਿਤਾਇਆ, ਉਸ ਜੀਵਨ ਲਈ ਗੁਰਦੁਆਰਾ ਡੇਹਰਾ ਸਾਹਿਬ ਦਾ ਮੇਰੇ ਸਿਰ ਤੇ ਜੋ ਕਰਜ਼ਾ ਹੈ ਉਸ ਨੂੰ ਮੈਂ ਕਿਸ ਢੰਗ ਨਾਲ ਲਾਹਵਾਂ, ਇਹ ਭਾਰ ਹੈ ਜੋ ਮੇਰੇ ਹਿਰਦੇ ਤੇ ਹਰ ਵੇਲੇ ਪਿਆ ਰਹਿੰਦਾ ਹੈ। ਜਦੋਂ ਮੈਂ ਆਪਣੇ ਜੀਵਨ ਦੀਆਂ ਹੇਠ ਲਿਖੀਆਂ ਗੱਲਾਂ ਤੇ ਝਾਤੀ ਮਾਰਦਾ ਹਾਂ ਤਾਂ ਮੈਂ ਸੋਚਿਆ ਕਰਦਾ ਹਾਂ ਕਿ ਜੇ ਦੁਨੀਆਂ ਵਿਚ ਸਿੱਖ ਗੁਰਦੁਆਰੇ ਨਾ ਹੁੰਦੇ ਜਾਂ ਜੇਕਰ ਮੈਨੂੰ ਹੀ ਆਪਣੇ ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਰਾਜੇਵਾਲ ਤੋਂ ਆਪਣੀ ੧੯ ਸਾਲਾਂ ਦੀ ਉਮਰ ਤੋਂ ਆਪਣੀ ਮਾਂ ਦੀ ਲਾਹੌਰ ਸ਼ਹਿਰ ਦੀ ਨੌਕਰੀ ਦੇ ਕਾਰਨ ਲਾਹੌਰ ਸ਼ਹਿਰ ਵਿਚ ਨਾ ਰਹਿਣਾ ਪੈਂਦਾ ਜਿਥੇ ਆਪਣੀ ਪੜ੍ਹਾਈ ਪਿਛੋਂ ਮੇਰਾ ਗੁਰਦੁਆਰਾ

Sri Satguru Jagjit Singh Ji eLibrary NamdhariElibrary@gmail.com

ਡੇਹਰਾ ਸਾਹਿਬ ਦੀ ਸੇਵਾ ਨਾਲ ਦਿਨ-ਰਾਤ ਦਾ ਵਾਹ ਪੈ ਸਕਿਆ ਤਾਂ ਮਰੇ ਜੀਵਨ ਨਾਲ ਕਿੰਨਾ ਅਨਆਇ ਹੁੰਦਾ, ਇਸ ਗੱਲ ਦਾ ਮੈਂ ਕਿਆਸ ਵੀ ਨਹੀਂ ਕਰ ਸਕਦਾ। ਆਪ ੨੦ ਸਾਲ ਦੀ ਉਮਰ ਵਿਚ ਮੈਂ ਇਕ ਖ਼ੂਬਸੂਰਤ ਤੇ ਨਿੱਗਰ ਸਰੀਰ ਵਾਲਾ ਨੌਜਵਾਨ ਸਾਂ। ਮੇਰੀ ਮਾਤਾ ਨੇ ਮੇਰੇ ਹਿਰਦੇ ਵਿਚ ਦਇਆ ਤੇ ਮਨੁੱਖੀ ਪਿਆਰ ਦੇ ਪਰਬਲ ਸੰਸਕਾਰ ਪਾਏ ਸਨ। ਜਿਥੋਂ ਤਕ ਮੇਰੇ ਸਤਿਕਾਰ ਦਾ ਸੰਬੰਧ ਸੀ ਮੇਰੀ ਪਾਲਣਾ ਵਿਚ ਮੇਰੀ ਮਾਂ ਨੇ ਉਸ ਦਾ ਬਹੁਤ ਜ਼ਬਰਦਸਤ ਖਿਆਲ ਰੱਖਿਆ ਤੇ ਮੇਰੀ ਪਾਲਣਾ ਕਰਦਿਆ ਹੋਇਆਂ ਉਸ ਨੇ ਮੈਨੂੰ ਆਪਣੇ ਲਈ ਰੱਬ ਦੀ ਇਕ ਬਹੁਤ ਵੱਡੀ ਸਤਿਕਾਰ ਭਰੀ ਦਾਤ ਸਮਝਿਆ। ਮੇਰੇ **ਬਚਪਨ** ਵਿਚ ਮੇਰੀ ਮਾਂ ਨੇ ਮੇਰੇ ਹਿਰਦੇ ਵਿਚ ਰੱਬ ਦੀ ਹੋਂਦ ਦਾ ਖਿਆਲ ਐਸੇ ਢੰਗ ਨਾਲ ਪਾਇਆ ਸੀ ਜਿਸ ਦੁਆਰਾ ਉਸ ਨੇ ਮੈਨੂੰ ਇਹ ਯਕੀਨ ਕਰਾ ਦਿਤਾ ਸੀ ਕਿ ਰੱਬ ਦੀ ਓਟ ਹੇਠ ਜੀਵਨ ਆਰੰਭ ਕਰ ਕੇ ਬੰਦਾ ਵੱਡੀ ਤੋਂ ਵੱਡੀ ਪਦਵੀ ਪਰਾਪਤ ਕਰ ਸਕਦਾ ਹੈ। ਅੱਜ ਮੈਂ ਵਿਦਿਆ ਦੀ ਖੋਜ, ਪਰਚਾਰ, ਬੇ-ਆਸਰੇ ਰੋਗੀਆਂ ਤੇ ਅਪਾਹਿਜਾਂ ਦੇ ਇਲਾਜ ਤੇ ਸੇਵਾ ਸੰਭਾਲ ਵਾਲੀ ਅਦੁੱਤੀ ਯੋਜਨਾ ਵਾਲੀ ਜਿਹੜੀ ਸੰਸਥਾ ਪਿੰਗਲਵਾੜੇ ਦੇ ਰਪ ਵਿਚ ਅੰਮ੍ਰਿਤਸਰ ਸ਼ਹਿਰ ਵਿਚ ਖੜ੍ਹੀ ਕਰ ਸਕਿਆ ਹਾਂ ਇਨ੍ਹਾਂ ਸਾਰੀਆਂ ਪ੍ਰਾਪਤੀਆਂ ਨੂੰ ਧਿਆਨ ਵਿਚ ਲਿਆ ਕੇ ਮੈਨੂੰ ਇਹ ਗੱਲ ਕਹਿਣ ਵਿਚ ਰੱਤੀ ਭਰ ਸੰਕੋਚ ਨਹੀਂ ਕਿ ਜੇਕਰ ਮੇਰਾ ਵਾਹ ਆਪਣੀ ਵੀਹ ਸਾਲ ਦੀ ਉਮਰ ਤੋਂ ਹੀ ਗੁਰਦੁਆਰਾ ਡੇਹਰਾ ਸਾਹਿਬ ਦੀ ਹੱਥਾਂ ਦੀ ਸੇਵਾ ਨਾਲ ਨਾ ਪੈਂਦਾ ਤਾਂ ਮੈਨੂੰ ਇਨ੍ਹਾਂ ਪ੍ਰਾਪਤੀਆਂ ਦਾ ਸੁਫ਼ਨਾ ਤੱਕ ਨਹੀਂ ਆ ਸਕਦਾ ਸੀ। ਆਪਣੀਆਂ ਪ੍ਰਾਪਤੀਆਂ ਦੀ ਅੱਜ ਮੈਨੂੰ ਜੋ ਪ੍ਰਸੰਨਤਾ ਤੇ ਮਾਣ ਹੈ ਉਹ ਇਹ ਹੈ ਕਿ ਮੈਂ ਆਪਣੇ ਆਪ ਨੂੰ ਦੁਨੀਆਂ ਦੇ ਆਮ ਬੰਦਿਆਂ ਨਾਲੋਂ ਇਕ ਵੱਖਰੀ ਦੁਨੀਆਂ ਵਿਚ ਵੱਸਦਾ ਦੇਖ ਰਿਹਾ ਹਾਂ।

Sri Satguru Jagjit Singh Ji eLibrary NamdhariElibrary@gmail.com

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ॥
ਸਬਰੁ ਸਿਦਕਿ ਸ਼ਹੀਦੁ ਭਰਮ ਭਉ ਖੋਵਣਾ ॥
ਗੋਲਾ ਮੁਲ ਖਰੀਦੁ ਕਾਰੇ ਜੋਵਣਾ ॥
ਨਾ ਤਿਸੁ ਭੁਖ ਨਾ ਨੀਦ ਨਾ ਖਾਣਾ ਸੋਵਣਾ॥
ਪੀਹਣਿ ਹੋਇ ਜਦੀਦ ਪਾਣੀ ਢੋਵਣਾ॥
ਪਖੇ ਦੀ ਤਗੀਦੁ ਪਗ ਮਲਿ ਧੋਵਣਾ ॥
ਸੇਵਕ ਹੋਇ ਸੰਜੀਦੁ ਨਾ ਹਸਣੁ ਰੋਵਣਾ ॥
ਦਰ ਦਰਵੇਸ਼ ਰਸੀਦੁ ਪਿਰਮ ਰਸੁ ਭਵਣਾ ॥
ਚੰਦ ਮੁਮ ਰਿਖ ਈਦ ਪੁਗਿ ਖਲੋਵਣਾ ॥ ੩ ॥ ੧੮ ॥

ਮੁਰੀਦ ਚੇਲਾ। ਸ਼ਹੀਦੁ-ਜੋ ਧਰਮ ਦੀ ਖ਼ਾਤਰ ਮਰਨ ਲਈ ਤਿਆਰ ਹੈ। ਕਾਰੇ ਜੋਵਣਾ-ਗੁਰੂ ਦੇ ਕੰਮਾਂ ਵਿਚ ਜੁੱਟਿਆ ਰਹਿਣਾ। ਜਦੀਦ-ਨਵਾਂ। ਸੰਜੀਦ-ਗਹਿਰ ਗੰਭੀਰ। ਰਸੀਦੁ-ਪਹੁੰਚਿਆ ਹੋਇਆ। ਪੁੱਗ ਖਲੋਵਣਾ-ਸੰਸਾਰ ਦੀ ਬਾਜ਼ੀ ਜਿੱਤ ਜਾਣਾ, ਜੀਵਨ ਸਫਲ ਕਰ ਲੈਣਾ।

੧. (ਆਪਾ ਭਾਵ ਤੋਂ) ਮਰ ਕੇ ਕੋਈ ਚੇਲਾ ਹੋਣ ਦਾ ਮਾਨ ਪ੍ਰਾਪਤ ਕਰ ਸਕਦਾ ਹੈ, ਗੱਲਾਂ ਨਾਲ ਨਹੀਂ।

੨. ਉਹ ਸਬਰ ਤੇ ਸੰਤੋਖ ਵਾਲਾ ਜ਼ਿੰਦਾ ਸ਼ਹੀਦ ਹੈ ਤੇ ਉਸ ਨੇ ਭਰਮ ਭਉ ਗਵਾ ਛਡਿਆ ਹੋਇਆ ਹੈ। ਏਥੇ ਦੱਸਿਆ ਹੈ ਕਿ ਉਹ ਧਰਮ ਦੀ ਖ਼ਾਤਰ ਮਰਨ ਨੂੰ ਤਿਆਰ ਹੈ ਤੇ ਉਸ ਦੀ ਆਪਣੀ ਸ਼ਖ਼ਸੀਅਤ ਵਿਚ ਸਬਰ ਸਿਦਕ ਹੈ ਤੇ ਉਸ ਦੇ ਭਰਮ ਭਉ ਨਾਸ ਹੋ ਚੁੱਕੇ ਹੋਏ ਹਨ। ੩. ਉਹ ਗੁਰੂ ਦਾ ਮੁੱਲ ਖ਼ਰੀਦੀ ਗ਼ੁਲਾਮ ਹੈ ਤੇ ਹਰ ਵੇਲੇ ਉਹ ਗੁਰੂ ਦੇ ਕੰਮਾਂ ਵਿਚ ਜੁੱਟਿਆ ਰਹਿੰਦਾ ਹੈ ੪ ਉਹ ਨਾ ਭੁਖ ਦੀ, ਨਾ ਨੀਂਦ ਦੀ, ਨਾ ਸੋਣ ਦੀ ਤੇ ਨਾ ਖਾਣ ਦੀ ਪ੍ਰਵਾਹ ਕਰਦਾ ਹੈ। ਅਰਥਾਤ-ਸੇਵਾ ਦੀ ਲਗਨ ਵਿਚ ਉਹ ਏਨਾ ਮਸਤ ਹੈ ਕਿ ਉਹ ਨਾ ਭੁੱਖ, ਨਾ ਤੇਹ ਦੀ ਪ੍ਰਵਾਹ ਕਰਦਾ ਹੈ ਤੇ ਨਾ ਆਪਣੇ ਆਰਾਮ ਦੀ।

Sri Satguru Jagjit Singh Ji eLibrary NamdhariElibrary@gmail.com

੫. ਸੇਵਾ ਦੇ ਸ਼ੌਕ ਵਿਚ ਉਹ ਤਾਜਾ ਆਟਾ ਪੀਂਹਦਾ ਹੈ ਤੇ ਪਾਣੀ ਢੋਂਦਾ ਹੈ। (ਗੁਰੂ ਦਾ ਕੰਮ ਉਹ ਫਿਕਰ ਨਾਲ ਤੇ ਪੂਰੀ ਨਿਮਰਤਾ ਵਿਚ ਰਹਿ ਕੇ ਕਰਦਾ ਹੈ) ੬. ਉਹ ਸੰਗਤਾਂ ਦੀ ਸੇਵਾ ਵਿਚ ਪੱਖਾ ਝੱਲਦਾ ਤੇ ਗੁਰੂ ਦੇ ਚਰਨ ਮਲ ਮਲ ਕੇ ਧੋਂਦਾ ਹੈ। ਅਰਥਾਤ-ਸੰਗਤਾਂ ਤੇ ਗੁਰੂ ਦੀ ਤਾਬੇਦਾਰੀ ਵਿਚ ਰਹਿੰਦਾ ਹੈ। ੭. ਉਹ ਗੰਭੀਰ ਸੇਵਕ ਹੋ ਕੇ ਵਿਚਰਦਾ ਹੈ। ਨਾ ਉਹ ਮਾਣ ਪ੍ਰਾਪਤ ਕਰ ਕੇ ਹੱਸਦਾ ਹੈ ਤੇ ਨਾ ਨਿਰਾਦਰੀ ਤੋਂ ਦੁਖੀ ਹੋ ਕੇ ਰੋਂਦਾ ਹੈ। ਉਹ ਸਹਿਜ ਵਿਚ ਅੱਪੜ ਗਿਆ ਹੋਇਆ ਹੈ। ਉਸ ਨੂੰ ਨਾ ਹਿਰਖ ਹੈ, ਨਾ ਸੋਗ ਹੈ, ਨਾ ਦੁੱਖ ਹੈ, ਨਾ ਸੁੱਖ ਹੈ, ਨਾ ਸਨੇਹ ਹੈ, ਨਾ ਵਿਰੋਧ ਹੈ, ਕੰਚਨ (ਸੋਨਾ) ਮਿੱਟੀ ਇਕ ਸਮਾਨ ਹਨ, ਆਦਿਕ।

ਗੁਰਦੁਆਰਾ ਡੇਹਰਾ ਸਾਹਿਬ ਦਾ ਲੰਗਰ, ਮੁਸਾਫਿਰ ਖਾਨਾ, ਇਸ਼ਨਾਨ ਖਾਨਾ, ਕਥਾ-ਕੀਰਤਨ ਤੇ ਸਤਿਸੰਗ ਦੀਆਂ ਅਦੁੱਤੀ ਬਰਕਤਾਂ ਵਾਲੀ ਪ੍ਰਯੋਗਸ਼ਾਲਾ (ਲੈਬੋਰੇਟਰੀ) ਦੇ ਆਸਰੇ ਪ੍ਰਾਣੀ-ਮਾਤਰ ਦੀ ਸੇਵਾ ਦੇ ਅਨੇਕਾਂ ਕਾਰਜਾਂ ਨੂੰ ਕਰਦਿਆਂ ਹੋਇਆਂ ਮੇਰੀ ਬੁੱਧੀ ਤੇ ਮੇਰੇ ਹਿਰਦੇ ਦੀਆਂ ਸ਼ਕਤੀਆਂ ਪ੍ਰਾਣੀ ਮਾਤਰ ਦੀ ਭਲਾਈ ਦੀਆਂ ਅਨੇਕਾਂ ਜੁਗਤਾਂ ਵੀ ਸੋਚਦੀਆਂ ਗਈਆਂ। ਉਹਨਾਂ ਕਲਪਨਾਵਾਂ ਦੇ ਫਲ-ਸਰੂਪ ਅੱਜ ਜਿਹੜੀ ਸੰਸਥਾ ਸਾਹਿਤ ਦੇ ਪ੍ਰਚਾਰ ਤੇ ਅੰਮ੍ਰਿਤਸਰ ਦੇ ਪੂਰੇ ਦਰਜੇ ਦੇ ਹਸਪਤਾਲ ਦੇ ਇਲਾਜ ਦੇ ਸਦਕੇ ਗ਼ਰੀਬ ਤੇ ਬੇ-ਆਸਰੇ ਰੋਗੀਆਂ ਤੇ ਅਪਾਹਿਜਾਂ ਦੇ ਇਲਾਜ ਤੇ ਸੇਵਾ ਸੰਭਾਲ ਦੇ ਦੋ ਨਿਖੇੜਵੇਂ ਕਾਰਜ-ਖੇਤਰਾਂ ਲਈ ਪਿੰਗਲਵਾੜੇ ਦੇ ਰੂਪ ਵਿਚ ਪੁੰਗਰ ਚੁੱਕੀ ਹੈ ਉਸ ਗੱਲ ਦਾ ਮੈਨੂੰ ੧੯੨੪ ਦੇ ਉਹਨਾਂ ਦਿਨਾਂ ਵਿਚ ਸੁਪਨਾ ਨਹੀਂ ਆ ਸਕਦਾ ਸੀ ਜਦੋਂ ਮੈਂ ਭਾਈ ਹਰਨਾਮ ਸਿੰਘ ਜੀ ਆਟੇ ਵਾਲੇ ਦੀ ਪ੍ਰੇਰਨਾ ਨਾਲ ਜਿਸ ਦੇ ਘਰ ਮੇਰੀ ਮਾਂ ਭਾਂਡੇ ਮਾਂਜਣ ਤੇ ਨੌਕਰ ਸੀ, ਲਾਹੌਰ ਸ਼ਹਿਰ ਦੇ ਗੁਰਦੁਆਰਾ ਡੇਹਰਾ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਵਿਚ ਹੇਠ ਲਿਖੇ ਸੇਵਾ ਦੇ ਕੁਝ ਕਾਰਜਾ ਨੂੰ ਆਰੰਭ ਕੀਤਾ :—

ਇਸਨਾਨ ਦੀਆਂ ਟੂਟੀਆਂ ਦੀ ਹਲਟੀ ਦੇ ਝੋਟੇ ਨੂੰ ਪਾਣੀ, ਝੋਟੇ ਨੂੰ ਪੱਠੇ ਪਾਉਣੇ, ਗੁਰੂ ਕੇ ਲੰਗਰ ਦੇ ਜੂਠੇ ਭਾਂਡਿਆਂ ਨੂੰ ਸੁਵਾਹ ਨਾਲ ਮਾਂਜਣ ਤੋਂ ਪਹਿਲਾਂ ਇਕ ਵਾਰ ਧੋਣਾ, ਸਵ ਹ ਨਾਲ ਭਾਂਡਿਆਂ ਨੂੰ ਪਰੇਮ ਨਾਲ ਮਾਂਜ ਕੇ, ਲਿਸ਼ਕਾ ਕੇ ਇਕ ਵਾਰ ਫੇਰ ਉਹਨਾਂ ਭਾਂਡਿਆਂ ਨੂੰ ਪਾਣੀ ਨਾਲ ਪੂਰੀ ਰੀਝ ਨਾਲ ਧੋਣਾ, ਗੁਰੂ ਕੇ ਲੰਗਰ ਦੇ ਪਰਸ਼ਾਦੇ ਛਕਾਉਣਾ; ਲੰਗਰ ਦੇ ਤੱਪੜ ਵਿਛਾਉਣਾ, ਲੰਗਰ ਦੇ ਵੇਲੇ ਬੇ-ਆਸਰੇ ਅਪਾਹਿਜਾਂ ਨੂੰ ਉਡੀਕਣਾ, ਤਾਂ ਜੋ ਉਹ ਪਰਸ਼ਾਦਾ ਲੈ ਜਾਣ, ਯਾਤਰੂਆਂ, ਬੇ-ਆਸਰੇ ਰੋਗੀਆਂ ਤੇ ਅਪਾਹਿਜਾਂ ਦੀ ਸੇਵਾ-ਸੰਭਾਲ ਆਪ ਕਰਨਾ, ਜਿਨ੍ਹਾਂ ਰੋਗੀਆਂ ਨੂੰ ਹਸਪਤਾਲ ਵਿਚ ਦਾਖ਼ਲਾ ਨਾ ਮਿਲਣਾ, ਉਹਨਾਂ ਦੀ ਸੇਵਾ-ਸੰਭਾਲ ਉਹਨਾਂ ਦੇ ਰਾਜ਼ੀ ਹੋ ਜਾਣ ਜਾਂ ਮਰ ਜਾਣ ਤਕ ਆਪ ਕਰਦੇ ਰਹਿਣਾ ਤੇ ਬੇ-ਆਸਰੇ ਰੋਗੀਆਂ ਨੂੰ ਹਸਪਤਾਲ ਨੂੰ ਲੈ ਜਾਣਾ ਤੇ ਕਿਸੇ ਵੇਲੇ ਜੋੜਿਆਂ ਦੀ ਸੇਵਾ ਤੇ ਬੈਠਣਾ।

## ਮਨੁੱਖਾ ਜੀਵਨ ਦੀ ਘਾੜਤ ਦੇ ਕਾਰਖ਼ਾਨੇ ਸਿੱਖ ਗੁਰਦੁਆਰੇ

ਮੈਂ ਜਿਸ ਢੰਗ ਨਾਲ ਆਪਣਾ ਪਿਛਲਾ ਦੇਸ਼ ਤੇ ਪ੍ਰਾਣੀ-ਮਾਤਰ ਦੀ ਸੇਵਾ ਦਾ ਸਾਰਾ ਜੀਵਨ ਬਿਤਾਇਆ ਹੈ ਉਹ ਹਿਰਦੇ ਦੀਆਂ ਭਰਪੂਰ ਖ਼ੁਸੀਆਂ ਦੇਣ ਵਾਲਾ ਸਮਾਜ-ਉਸਾਰੂ ਜੀਵਨ ਰਿਹਾ ਹੈ। ਉਸ ਜੀਵਨ ਦੇ ਅਨੇਕਾਂ ਪੱਖਾਂ ਤੋਂ ਮੈਂ ਹਿਰਦੇ ਦਾ ਭਰਪੂਰ ਸੰਤੋਖ ਪਰਾਪਤ ਕੀਤਾ ਹੈ। ਮੇਰੀ ਵਿੱਦਿਆ ਦਸਵੀਂ ਜਮਤ

Sri Satguru Jagjit Singh Ji eLibrary NamdhariElibrary@gmail.com

ਫੇਲ੍ਹ ਹੋਣ ਤੇ ਮੁੱਕ ਜਾਂਦੀ ਹੈ। ਮੈਂ ਪੜ੍ਹਨਾ ਤਾਂ ਦੂਰ ਤੱਕ ਚਾਹੁੰਦਾ ਸਾਂ ਪਰ ਗ਼ਰੀਬੀ ਦੇ ਕਾਰਨ ਮੈਂ ਦਸਵੀਂ ਜਮਾਤ ਪਾਸ ਕਰਨ ਲਈ ਵੀ ਮੁੜ ਕੇ ਸਕੂਲ ਦਾਖ਼ਲ ਨਹੀਂ ਹੋ ਸਕਿਆ। ਆਪਣੇ ਪ੍ਰਾਣੀ-ਮਾਤਰ ਦੀ ਸੇਵਾ ਦੇ ਭਗਤ-ਜੀਵਨ ਵਿਚ ਵਿਦਿਆ ਦੀ ਜਿੰਨੀ ਖੋਜ ਮੈਂ ਕਰ ਸਕਿਆ ਹਾਂ ਉਸ ਦਾ ਮੈਨੂੰ ਏਨਾ ਮਾਣ ਹੈ ਤੇ ਏਨੀ ਖ਼ੁਸ਼ੀ ਹੈ ਕਿ ਇਹਨਾਂ ਦੋਹਾਂ ਵਸਤਾਂ ਲਈ ਮੇਰੇ ਹਿਰਦੇ ਦੀ ਥਾਂ ਛੋਟੀ ਹੈ।

ਆਪਣੇ ਜੀਵਨ ਦੇ ਬਣਨ ਵਿਚ ਮੈਂ ਸੰਸਾਰ ਦਾ ਰਿਣੀ ਹਾਂ। ਇਕ ਨਿਰਾਲੇ ਤੇ ਮਸਤੀ-ਭਰੇ ਢੰਗ ਨਾਲ ਅ ਪਣਾ ਜੀਵਨ ਬਿਤਾਉਂਦਿਆਂ ਹੋਇਆਂ ਪ੍ਰਾਣੀ ਮਾਤਰ ਦੇ ਭਲੇ ਤੇ ਦੇਸ਼ ਦੀ ਉੱਨਤੀ ਲਈ ਜੋ ਕਾਰਜ ਗਿਆਨ ਦੀ ਖੋਜ ਤੇ ਗਿਆਨ ਦੇ ਪ੍ਰਚਾਰ ਦਾ ਮੈਂ ਆਪਣੇ ਇਸ਼ਤਿਹਾਰਾਂ ਤੇ ਟਰੈਕਟਾਂ ਦੇ ਰੂਪ ਵਿਚ ਕੀਤਾ ਹੈ ਤੇ ਕਰ ਰਿਹਾ ਹਾਂ, ਉਹ ਆਪਣੀ ਮਿਸਾਲ ਆਪ ਹੈ ਤੇ ਉਹ ਕਾਰਜ ਸੰਸਾਰ ਦੇ ਵਰਤਮਾਨ ਇਤਿਹਾਸ ਵਿਚ ਇਕ ਨਿਵੇਕਲੀ ਤੇ ਨਿਖੇੜਵੀਂ ਥਾਂ ਬਣਾਉਂਦਾ ਜਾ ਰਿਹਾ ਹੈ। ਮੇਰੇ ਹਿਰਦੇ ਦੀ ਅਗਾਧਿ ਮਸਤੀ ਤੇ ਸੰਸਾਰ ਦਾ ਮੇਰੇ ਉਤੇ ਚੜ੍ਹ ਚੁੱਕਿਆ ਤੇ ਪਲ ਪਲ ਤੇ ਨਵਾਂ ਚੜ੍ਹਨ ਵਾਲਾ ਰਿਣ ਦੋਵੇਂ ਗੱਲਾਂ ਮੈਨੂੰ ਮਜਬੂਰ ਕਰ ਰਹੀਆਂ ਹਨ ਕਿ ਮੈਂ ਆਪਣੇ ਰਚਨਾਤਮਿਕ ਜੀਵਨ ਦੀਆਂ ਝਾਕੀਆਂ ਨੂੰ ਸੰਸਾਰ ਦੇ ਬਦਿਆਂ ਅੱਗੇ ਪੇਸ਼ ਕਰਾਂ, ਜਿਹੜਾ ਜੀਵਨ ਮਨੁੱਖ ਨੂੰ ਨਾ ਕੇਵਲ ਹੋਲੀ ਦੀਆਂ ਖ਼ੁਸ਼ੀਆਂ ਵਿਚ ਰੱਖਣ ਵਾਲਾ ਹੈ ਬਲਕਿ ਮਨੁੱਖ ਨੂੰ ਪ੍ਰਾਣੀ-ਮਾਤਰ ਦੀ ਭਲਾਈ ਲਈ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨ ਤੇ ਉਸ ਗਿਆਨ ਦ ਵੱਧ ਤੋਂ ਵੱਧ ਪ੍ਰਚਾਰ ਲਈ ਪ੍ਰਰਨਾ ਦੇਣ ਵਾਲਾ ਵੀ ਹੈ। ਆਪਣੇ ਜੀਵਨ ਦੇ ਕਾਰਜ ਖੇਤਰਾਂ ਬਾਰ ਦਸਣਾ ਮੇਰੇ ਲਈ ਨਾ ਕੇਵਲ ਇਸ ਲਈ ਜ਼ਰੂਰੀ ਹੈ ਕਿ ਹੋਰ ਬੰਦੇ ਇਸ ਤੋਂ ਗਿਆਨ ਪ੍ਰਾਪਤ ਕਰ ਕੇ ਜੀਵਨ ਨੂੰ ਸਫਲ ਕਰਨ ਤੇ ਉਸ ਨੂੰ ਮਸਤੀ ਭਰਪੂਰ ਬਨਾਉਣ

Sri Satguru Jagjit Singh Ji eLibrary NamdhariElibrary@gmail.com

ਦਾ ਰਾਹ ਲੱਭ ਸਕਣ ਬਲਕਿ ਸੰਸਾਰ ਤੇ ਦੇਸ਼ ਦੇ ਪ੍ਰਾਣੀਆਂ ਨੂੰ ਵੀ ਆਪਣੇ ਜੀਵਨਾਂ ਨੂੰ ਪ੍ਰਸੰਨਤਾ ਭਰਪੂਰ ਬਣਾਉਣ ਦਾ ਰਾਹ ਦੱਸ ਸਕਣ।

ਆਪਣੇ ਪਿਛਲੇ ੫੭ ਸਾਲਾਂ ਦੇ ਰਚਨਾਤਮਿਕ ਜੀਵਨ ਦੇ ਆਰੰਭ ਤੋਂ ਹੀ ਮੈਂ ਆਪਣੇ ਹਿਰਦੇ ਅਤੇ ਆਪਣੀ ਬੁੱਧੀ ਦੀਆਂ ਸ਼ਕ ।ਆਂ ਦੇ ਦਿਨੋ ਦਿਨ ਹੋਣ ਵਾਲੇ ਵਿਕਾਸ ਦੁਆਰਾ ਪ੍ਰਸੰਨ ਵੀ ਸਦਾ ਵੱਧ ਤੋਂ ਵੱਧ ਰਿਹਾ ਹਾਂ ਤੇ ਇਹ ਮਹਿਸੂਸ ਵੀ ਸਦਾ ਕਰਦਾ ਰਿਹਾ ਹਾਂ ਕਿ ਮੈਂ ਆਪਣੇ ਸੇਵਾ ਦੇ ਕਾਰਜ ਖੇਤਰਾਂ ਦੁਆਰਾ ਆਪਣੀਆਂ ਉਹਨਾਂ ਸ਼ਕਤੀਆਂ ਦਾ ਨਾ ਕੇਵਲ ਸੰਤੋਖ-ਜਨਕ ਵਿਕਾਸ ਕਰ ਰਿਹਾ ਹਾਂ ਬਲਕਿ ਮਨੁੱਖਤਾ ਦੇ ਮਾਰਗ ਉਤ ਵੀ ਦਿਨੋ ਦਿਨ ਅਗਾਂਹ ਵਧ ਰਿਹਾ ਹਾਂ। ਗੁਰਦੁਆਰਾ ਡੇਹਰਾ ਸਾਹਿਬ ਦੇ ਗੁਰਬਾਣੀ ਨਾਲ ਭਿੱਜੇ ਹੋਏ ਵਾਤਾਵਰਨ ਵਿਚ ਮੇਰੇ ਸੱਜੇ ਖੱਬੇ ਤੋਂ ਹਰ ਵੇਲੇ ਮੇਰੇ ਕੰਨਾਂ ਵਿਚ ਪੈਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਤੇ ਭਾਈ ਗੁਰਦਾਸ ਜੀ ਦੇ ਵਾਕ ਮੈਨੂੰ ਸਦਾ ਇਹ ਭਰੋਸਾ ਦੁਆਉਂਦੇ ਰਿਹਾ ਕਰਦੇ ਸਨ ਕਿ ਮੈਂ ਉਹਨਾਂ ਦੇ ਆਸ਼ੇ ਅਨੁਸਾਰ ਚੱਲ ਕੇ ਆਪਣੇ ਆਪ ਨੂੰ ਸੰਸਾਰ ਦੇ ਕਿਸੇ ਉਚੇਰੇ ਤੇ ਨਿਖੇੜਵੇਂ ਕਾਰਜ ਲਈ ਤਿਆਰ ਕਰ ਸਕਾਂਗਾ, ਉਹਨਾਂ ਸ਼ਬਦਾਂ ਵਿਚੋਂ ਕੁਝ ਹੇਠਾਂ ਦਿੰਦਾ ਹਾਂ :—

"ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨ ॥
ਅਕਲੀ ਪੜ੍ਹ ਕੇ ਬੁਝੀਐ ਅਕਲੀ ਕੀਚੈ ਦਾਨ ॥"

(ਸਾਰੰਗ ਕੀ ਵਾਰ, ਸਲੋਕ ਮਹਲਾ ੧)

"ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥"

(ਜਪੁ ਜੀ ਸਾਹਿਬ ਵਿਚੋਂ)

Sri Satguru Jagjit Singh Ji eLibrary NamdhariElibrary@gmail.com

"ਸੇਵਕ ਕਉ ਸੇਵਾ ਬਨਿ ਆਈ ॥
ਹੁਕਮ ਬੂਝਿ ਪਰਮਪਦੁ ਪਾਈ ॥'
ਆਖ ਸਵਾਰਹਿ ਮੈਂ ਮਿਲਹਿ ॥
ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ
ਸਭੁ ਜਗੁ ਤੇਰਾ ਹੋਇ ॥"
"ਅਨਿਕ ਭਾਂਤ ਕਰਿ ਸੇਵਾ ਕਰੀਐ ॥
ਜੀਉ ਪ੍ਰਾਨ ਧਨੁ ਆਗੈ ਧਰੀਐ ॥"
"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ॥"

ਉਪਰ ਲਿਖੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹਨ ਤੇ ਹੇਠ ਲਿਖਿਆ ਵਾਕ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਹੈ :–

"ਥੰਮੈ ਕੋਇ ਨਾ ਸਾਧ ਬਿਨੁ
ਸਾਧ ਨਾ ਦਿਸੈ ਜਗ ਵਿਚ ਕੋਆ ॥"

ਮੈਂ ਆਪਣਾ ਜਨਮ ਇਕ ਸਨਾਤਨ ਧਰਮੀ ਹਿੰਦੂ ਘਰਾਣੇ ਵਿਚ ਲਿਆ ਜਿਸ ਵਿਚੋਂ ਮੈਨੂੰ ਆਪਣੇ ਬਚਪਨ ਦੇ ਸਮੇਂ ਵਿਚ ਪਰਉਪਕਾਰ ਤੇ ਪ੍ਰਾਣੀ-ਮਾਤਰ ਦੀ ਸੇਵਾ ਦੇ ਅਦੁੱਤੀ ਸੰਸਕਾਰ ਪਰਾਪਤ ਹੋਏ । ਅਜਿਹੇ ਸੰਸਕਾਰ ਮੈਨੂੰ ਹੇਠ ਲਿਖੀਆਂ ਕਹਾਣੀਆਂ ਤੋਂ ਪ੍ਰਾਪਤ ਹੋਏ–

੧. ਹਨੂੰਮਾਨ ਜਤੀ ਨੂੰ ਵਿਆਹ ਤੋਂ ਬਿਨਾਂ ਇਕ ਪਵਿੱਤਰ ਛੜਾ-ਛੜਾਂਗ ਜੀਵਨ ਬਿਤਾਉਂਦਿਆਂ ਹੋਇਆਂ ਹਰ ਵੇਲੇ ਪ੍ਰਾਣੀ-ਮਾਤਰ ਦੀ ਸੇਵਾ ਤੋਂ ਬਿਨਾਂ ਹੋਰ ਕੋਈ ਵਿਚਾਰ ਜਿਵੇਂ ਆਪਣੇ ਘਰ ਘਾਟ ਦੀ ਕੋਈ ਨਿੱਜੀ ਜਾਇਦਾਦ ਬਣਾਉਣ ਦਾ ਨਾ ਸੁੱਝਿਆ ।

੨. ਰਾਜਾ ਜਨਕ ਦੀ ਰੂਹ ਸਵਰਗਾਂ ਨੂੰ ਜਾਂਦੀ ਹੋਈ

Sri Satguru Jagjit Singh Ji eLibrary NamdhariElibrary@gmail.com

ਆਪਣੇ ਰਾਹ ਵਿਚ ਆਏ ਹੋਏ ਨਰਕ ਦੇ ਪ੍ਰਾਣੀਆਂ ਦੇ ਦੁੱਖਾਂ ਨੂੰ ਦੇਖਕੇ ਉਥੇ ਹੀ ਉਹਨਾਂ ਲਈ ਦਇਆ ਦੇ ਭਾਵ ਨਾਲ ਖਲੋ ਗਈ ਸੀ ਤੇ ਅਗਾਂਹ ਸਵਰਗਾਂ ਨੂੰ ਜਾਣ ਤੋਂ ਨਾਂਹ ਕਰ ਬੈਠੀ ਸੀ ।

੩, ਸ਼ਿਵਜੀ ਮਹਾਰਾਜ ਰਾਤ ਦੇ ਵੇਲੇ ਸੌਣ ਤੋਂ ਪਹਿਲਾਂ ਇਸ ਗੱਲ ਦਾ ਪਤਾ ਕਰ ਲੈਂਦੇ ਹਨ ਕਿ ਸੰਸਾਰ ਵਿਚ ਕੋਈ ਪ੍ਰਾਣੀ ਭੁੱਖਾ ਤਾਂ ਨਹੀਂ ਰਹਿ ਗਿਆ ? ਹਰ ਭੁੱਖੇ ਪ੍ਰਾਣੀ ਦੀ ਭੁੱਖ ਨੂੰ ਨਵਿਰਤ ਕਰ ਕੇ ਹੀ ਉਹ ਸੌਂਦੇ ਹਨ ।

ਅਜਹੇ ਸੰਸਕਾਰ ਲੈ ਕੇ ਮੈਂ ਪਲਿਆ ਤੇ ਵੱਡਾ ਹੋਇਆ ਸਾਂ ਪਰ ਇਹਨਾਂ ਸੰਸਕਾਰਾਂ ਦੀ ਪੂਰਤੀ ਲਈ ਜੇਕਰ ਮੈਨੂੰ ਗੁਰਦੁਆਰਾ ਡੇਹਰਾ ਸਾਹਿਬ ਦੇ ਇਕ ਅਦੁੱਤੀ ਸਭਿਆਚਾਰ ਦੇ ਕੇਂਦਰ ਵਿਚ ਜਵਾਨੀ ਦਾ ੨੪ ਸਾਲਾਂ ਦਾ ਸਮਾਂ ਬਿਤਾਉਣ ਦਾ ਅਵਸਰ ਨਾ ਮਿਲਦਾ ਤਾਂ ਮੇਰੇ ਜੀਵਨ ਦਾ ਉਹ ਵਿਕਾਸ ਨਾ ਹੁੰਦਾ ਜਿਸ ਦਾ ਹੁਣ ਮੈਂ ਮਾਣ ਕਰ ਸਕਦਾ ਹਾਂ। ਕਿਸੇ ਬੰਦੇ ਦੀਆਂ ਸਰੀਰ, ਬੁੱਧੀ ਤੇ ਹਿਰਦੇ ਦੀਆਂ ਸ਼ਕਤੀਆਂ ਦਾ ਵਿਕਾਸ, ਤਾਂ ਹੀ ਹੁੰਦਾ ਹੈ ਜੇਕਰ ਉਸ ਦੇ ਅੱਗੇ ਅਜਿਹੇ ਮਸਲੇ ਹੋਣ ਜਿਹੜੇ ਬੜੇ ਵੱਡੇ ਵੀ ਹੋਣ ਤੇ ਔਖੇ ਵੀ, ਜਿਨ੍ਹਾਂ ਨੂੰ ਹੱਲ ਕਰਨ ਲਈ ਬੁੱਧੀ ਦੀ ਭਾਰੀ ਵਰਤੋਂ ਦੀ ਲੋੜ ਤੇ ਸਰੀਰ ਰਾਹੀਂ ਭਾਰੇ ਯਤਨਾਂ ਨੂੰ ਕਰਨ ਦੀ ਲੋੜ ਹੋਵੇ। ਅਜਿਹੇ ਮਸਲਿਆਂ ਨੂੰ ਹੱਲ ਕਰਨ ਲਈ ਸਹੀ ਅਗਵਾਈ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਗੁਰਦੁਆਰਾ ਡੇਹਰਾ ਸਾਹਿਬ ਨਾਲ ਇਕ ਭਾਰਾ ਅਨਿਆਂ ਹੋਣ ਤੋਂ ਟਲ ਗਿਆ।

ਕਿਸੇ ਵਿਦਵਾਨ ਨੇ ਕਿਹਾ ਕਿ ਸਾਧਾਰਨ ਮਨੁੱਖ ਦੀਆਂ ਸ਼ਕਤੀਆਂ ਦਾ ਵਿਕਾਸ ਕੇਵਲ ਪੰਦਰਾਂ ਪ੍ਰਤੀਸ਼ਤ ਹੀ ਹੋਇਆ ਹੁੰਦਾ ਹੈ ਉਸ ਦੀਆਂ ਬਕੀ ੮੫ ਪ੍ਰਤੀਸ਼ਤ ਸ਼ਕਤੀਆਂ ਵਿਕਾਸ ਤੋਂ ਵਾਂਝੀਆਂ ਰਹਿੰਦੀਆਂ ਹਨ (੧੫ ਪ੍ਰਤੀਸ਼ਤ–੧੦੦ 'ਚੋਂ ੧੫ ਹਿੱਸੇ)

ਸਿੱਖ ਗੁਰਦੁਆਰਿਆਂ ਦੇ ਲੰਗਰ ਤੇ ਮੁਸਾਫ਼ਿਰਖ਼ਾਨਿਆਂ ਦੀਆਂ ਬਰਕਤਾਂ ਵੱਡੇ ਵੱਡੇ ਸ਼ਹਿਰਾਂ ਵਿਚ ਅਨੇਕ ਪ੍ਰਕਾਰ ਦੇ ਮਸਲਿਆਂ ਵਾਲੇ ਬੰਦਿਆਂ ਨੂੰ ਆਪਣੇ ਵੱਲ ਖਿੱਚਿਆ ਕਰਦੀਆਂ ਹਨ। ਕਥਾ ਕੀਰਤਨ ਦੀ ਖਿੱਚ ਵੀ ਉਨ੍ਹਾਂ ਨੂੰ ਗੁਰਦੁਆਰਿਆਂ ਵੱਲ ਲਿਆਉਣ ਲਈ ਕੋਈ ਛੋਟੀ ਜਿਹੀ ਖਿੱਚ ਨਹੀਂ ਹੈ। ਅਜਿਹੇ ਬੰਦੇ ਕਿਸੇ ਜੀਵਨ-ਦਾਨੀ ਬੰਦੇ ਨੂੰ ਜਿੱਥੇ ਅਨੇਕਾਂ ਢੰਗਾਂ ਨਾਲ ਉਹਨਾਂ ਦੀ ਸੇਵਾ ਕਰਨ ਦਾ ਅਵਸਰ ਦਿੱਤਾ ਕਰਦੇ ਹਨ ਉਥੇ ਉਹ ਉਹਨਾਂ ਦੇ ਮਸਲਿਆਂ ਨੂੰ ਹੱਲ ਕਰਨ ਦਾ ਰਾਹ ਲੱਭਣ ਲਈ ਉਸ ਦੀ ਬੁੱਧੀ ਨੂੰ ਆਪਣਾ ਵਿਕਾਸ ਕਰਨ ਦਾ ਅਵਸਰ ਦਿਤਾ ਕਰਦੇ ਹਨ।

ਗ਼ਰੀਬੀ ਤੇ ਬੇਕਾਰੀ ਦੇ ਕਾਰਨ ਜਿਹੜੇ ਬੰਦੇ ਗੁਰਦੁਆਰੇ ਦੇ ਲੰਗਰ ਤੋਂ ਪ੍ਰਸ਼ਾਦਾ ਛਕਣ ਆਇਆ ਕਰਦੇ ਸਨ ਉਹ ਵੀ ਮੈਨੂੰ ਦੇਸ਼ ਦੀ ਗ਼ਰੀਬੀ ਤੇ ਬੇਕਾਰੀ ਦੀਆਂ ਦਰਦਨਾਕ ਝਾਕੀਆਂ ਵਿਖਾ ਕੇ ਇਹ ਖ਼ਿਆਲ ਮੇਰੇ ਹਿਰਦੇ ਵਿਚ ਪੈਦਾ ਕਰਿਆ ਕਰਦੇ ਸਨ ਕਿ ਕੇਵਲ ਗੁਰਦੁਆਰੇ ਦੇ ਲੰਗਰ ਦੇ ਬੂਹੇ ਅੱਗੇ ਬੈਠੇ ਮੇਰੀਆਂ ਅੱਖਾਂ ਨੂੰ ਦਿੱਸਣ ਵਾਲੇ ਬੰਦੇ ਹੀ ਦੇਸ਼ ਵਿਚ ਗ਼ਰੀਬ ਤੇ ਬੇਕਾਰ ਨਹੀਂ ਹਨ ਬਲਕਿ ਉਹ ਦੇਸ਼ ਦੇ ਕਰੋੜਾਂ ਗ਼ਰੀਬ, ਪੂਰੇ ਤੇ ਅੱਧੇ ਬੇਕਾਰ ਬੰਦਿਆਂ ਵਿਚੋਂ ਕੁਝ ਹਨ। ਉਹਨਾਂ ਨੂੰ ਦੇਖ ਕੇ ਜਿੱਥੇ ਮੈਨੂੰ ਉਹਨਾਂ ਨੂੰ ਲੰਗਰ ਵਿਚੋਂ ਕੁਝ ਪ੍ਰਸ਼ਾਦਾ ਦਿਵਾਉਣ ਜਾਂ ਚੋਰੀਉਂ ਆਪ ਦੇਣ ਦਾ ਖ਼ਿਆਲ ਆਇਆ ਕਰਦਾ ਸੀ, ਉਥੇ ਦੇਸ਼ ਦੇ ਇਸ ਆਰਥਿਕ ਮਸਲੇ ਦਾ ਹੱਲ ਲੱਭਣ ਲਈ ਮੈਂ ਦੇਸ਼ ਦੀ ਰਾਜਨੀਤੀ ਤੇ ਅਰਥ-ਸ਼ਾਸ਼ਤਰ ਦੀਆਂ ਉਹ ਪੁਸਤਕਾਂ ਪੜ੍ਹਨ ਲਈ ਵੀ ਮਜ਼ਬੂਰ ਹੋਇਆ ਸਾਂ, ਜਿਨ੍ਹਾਂ ਵਿਚ ਦੇਸ਼ ਦੀ ਗ਼ਰੀਬੀ ਤੇ ਬੇਕਾਰੀ ਦੇ ਮਸਲਿਆਂ ਦਾ ਪੂਰਾ ਪੂਰਾ ਚਰਚਾ ਹੋ ਸਕਦਾ ਸੀ। ਗੁਰਦੁਆਰਿਆਂ ਵਿਚੋਂ ਪ੍ਰਸ਼ਾਦਾ

Sri Satguru Jagjit Singh Ji eLibrary NamdhariElibrary@gmail.com

ਛਕਣ ਦਾ ਦਸਤੂਰ ਇਹ ਹੁੰਦਾ ਹੈ ਕਿ ਕੋਈ ਗ਼ਰੀਬ ਆਦਮੀ ਤਿੰਨ ਦਿਨ ਦਾ ਪ੍ਰਸ਼ਾਦਾ ਛਕ ਸਕਦਾ ਹੈ ਪਰ ਬੇਕਾਰੀ ਦੇ ਮਾਰੇ ਗ਼ਰੀਬ ਬੰਦੇ ਆਪਣੇ ਬੱਚਿਆਂ ਸਮੇਤ ਤਿੰਨਾਂ ਦਿਨਾਂ ਤੋਂ ਵੀ ਵੱਧ ਸਮੇਂ ਲਈ ਲੰਗਰ ਵਿਚ ਆਉਣ ਲਈ ਮਜਬੂਰ ਹੁੰਦੇ ਹਨ। ਅਜਿਹੇ ਬੰਦਿਆਂ ਨੂੰ ਸੇਵਾਦਾਰ ਤਿੰਨ ਦਿਨਾਂ ਮਗਰੋਂ ਪ੍ਰਸ਼ਾਦਾ ਦੇਣ ਤੋਂ ਨਾਂਹ ਕਰ ਦਿੱਤਾ ਕਰਦੇ ਹਨ। ਕਈ ਵਾਰੀ ਅਜਿਹਾ ਵੀ ਹੁੰਦਾ ਸੀ ਕਿ ਲੰਗਰ ਦਾ ਕੋਈ ਬੇ-ਸਮਝ ਸੇਵਾਦਾਰ ਲੰਗਰੋਂ ਬਾਹਰ ਬੈਠ ਕੇ ਪ੍ਰਸ਼ਾਦਾ ਲੈਣ ਵਾਲੇ ਗ਼ਰੀਬ ਬੰਦਿਆਂ ਵਿਚੋਂ ਹਰ ਇਕ ਦੀ ਪਰਖ ਕੀਤੇ ਬਿਨਾਂ ਕਿਸੇ ਕਿਸੇ ਨੂੰ ਕਈ ਦਿਨਾਂ ਤੋਂ ਆਉਣ ਵਾਲਾ ਸਮਝ ਕੇ ਪ੍ਰਸ਼ਾਦਾ ਦੇਣ ਤੋਂ ਨਾਂਹ ਕਰ ਦਿੰਦਾ ਸੀ। ਅਜਿਹੀਆਂ ਸੂਰਤਾਂ ਵਿਚ ਮੈਨੂੰ ਗ਼ਰੀਬਾਂ ਨੂੰ ਲਾਂਗਰੀਆਂ ਤੋਂ ਲੁਕਾ ਕੇ ਪ੍ਰਸ਼ਾਦਾ ਦੇਣਾ ਪਿਆ ਕਰਦਾ ਸੀ।

ਇਕ ਅੰਗਰੇਜ਼ ਵਿਦਵਾਨ ਦਾ ਕਥਨ ਹੈ:—

"ਦਿਨ-ਪ੍ਰਤੀ-ਦਿਨ ਦੇ ਤਜਰਬਿਆਂ ਤੋਂ ਹੀ ਜਿਹਨਾਂ ਵਿਚੋਂ ਕਿ ਮਨੁੱਖ ਲੰਘਦਾ ਹੈ ਉਹ ਆਪਣੇ ਵੱਧਣ ਫੁੱਲਣ ਦੇ ਸਬਕ ਸਿਖ ਸਕਿਆ ਕਰਦਾ ਹੈ। ਉਹ ਆਪਣੇ ਫ਼ੈਸਲੇ ਨਾਲ ਹਰ ਸਵਾਲ ਦਾ ਉੱਤਰ ਦਿੰਦਾ ਹੈ, ਜੋ ਕਿ ਸਭ ਤੋਂ ਵੱਡਾ ਉਸਤਾਦ ਅਰਥਾਤ ਜੀਵਨ ਉਸ ਨੂੰ ਪੁੱਛਦਾ ਹੈ ਅਤੇ ਜੋ ਫ਼ੈਸਲਾ ਉਹ ਕਰਦਾ ਹੈ ਅਤੇ ਆਪਣੇ ਇਮਤਿਹਾਨ ਦੇ ਵੇਲੇ ਜੋ ਉੱਤਰ ਉਹ ਦਿੰਦਾ ਹੈ ਇਸ ਗੱਲ ਦਾ ਨਿਰਣਾ ਕਰਦੇ ਹਨ ਕਿ ਉਹ ਆਪਣੀ ਰੂਹਾਨੀ ਸਿਖਿਆ ਦੇ ਅਗਲੇ ਦਰਜੇ ਤਕ ਪਹੁੰਚਣ ਦੇ ਯੋਗ ਹੈ ਕਿ ਨਹੀਂ ?'

ਦੇਸ਼ ਦੀ ਗ਼ਰੀਬੀ ਤੇ ਬੇਕਾਰੀ ਦੇ ਮਸਲਿਆਂ ਦੀ ਖੋਜ ਤੋਂ ਮੈਂ ਇਸ ਸਿੱਟੇ ਤਾਈਂ ਪਹੁੰਚਿਆ ਸਾਂ ਕਿ ਇਹਨਾਂ ਦੋਹਾਂ ਗੱਲਾਂ ਨੂੰ ਪੈਦਾ ਕਰਨ ਲਈ ਬਿਦੇਸ਼ੀ ਸਰਕਾਰ ਦੀ ਰਾਜਨੀਤੀ ਵੀ ਜ਼ਿੰਮੇਵਾਰ ਹੈ—ਏਸ ਲਈ ਇਨ੍ਹਾਂ ਦੋਹਾਂ ਮਸਲਿਆਂ ਨੂੰ ਹੱਲ ਕਰਨ ਲਈ ਜਿਥੇ

ਅਰਥ-ਸ਼ਾਸਤਰ ਤੇ ਰਾਜਨੀਤੀ ਦਾ ਪੂਰਾ ਪੂਰਾ ਗਿਆਨ ਪ੍ਰਾਪਤ ਕਰਨ ਦੀ ਲੋੜ ਹੈ ਉਥੇ ਦੇਸ਼ ਦੇ ਰਾਜਸੀ ਪ੍ਰਬੰਧ ਨੂੰ ਬਦਲਣ ਲਈ ਪੂਰਾ ਪੂਰਾ ਯਤਨ ਦੀ ਲੋੜ ਵੀ ਹੈ । ਆਪਣੀ ਅਨੇਕ ਪ੍ਰਕਾਰ ਦੀ ਸੇਵਾ ਦੇ ਕਾਰਜਾਂ ਨੂੰ ਜਿਉਂ ਜਿਉਂ ਮੈਂ ਕਰਦਾ ਗਿਆ ਤਿਉਂ ਤਿਉਂ ਉਹਨਾਂ ਦੇ ਸੰਬੰਧ ਵਿਚ ਮੇਰੇ ਹਰ ਪ੍ਰਕਾਰ ਦੇ ਗਿਆਨ ਵਿਚ ਵਾਧਾ ਹੁੰਦਾ ਗਿਆ। ਉਹਨਾਂ ਕਾਰਜ ਨੂੰ ਕਰਦਿਆਂ ਹੋਇਆਂ ਜਿਥੇ ਮੇਰੀ ਬੁੱਧੀ ਦਾ ਵਿਕਾਸ ਹੋਇਅ ਉਥੇ ਮੇਰੇ ਹਿਰਦੇ ਤੇ ਦਇਆ ਦੇ ਸੰਸਕਾਰ ਦੀ ਤ੍ਰਿਪਤੀ ਨਾਲ ਮੈਨੂੰ ਉੱਚ ਕੋਟੀ ਦਾ ਆਤਮਿਕ ਆਨੰਦ ਵੀ ਪ੍ਰਾਪਤ ਹੋਇਆ। ਅਜਿਹੇ ਕਾਰਜਾਂ ਨੂੰ ਕਰਦਿਆਂ ਹੋਇਆਂ ਮੈਨੂੰ ਅਨੇਕ ਹੋਰਨਾਂ ਬੰਦਿਆਂ ਦੀ ਸਹਾਇਤਾ ਲੈਣ ਦੀ ਲੋੜ ਪਿਆ ਕਰਦੀ ਸੀ । ਜਿਸ ਬੰਦੇ ਪਾਸ ਮੈਂ ਉਹਨਾ ਕਾਰਜਾਂ ਲਈ ਸਹਾਇਤਾ ਲੈਣ ਜਾਂਦਾ ਰਿਹਾ ਉਹ ਨਾ ਕੇਵਲ ਮੈਨੂੰ ਪਿਆਰ ਸਤਿਕਾਰ ਦੇਂਦਾ ਰਿਹਾ ਬਲਕਿ ਮੇਰਾ ਹਮਦਰਦ ਤੇ ਪਿਆਰਾ ਵੀ ਬਣਦਾ ਗਿਆ। ਇਸ ਤਰ੍ਹਾਂ ਮੇਰਾ ਜੀਵਨ ਦਿਨ-ਪ੍ਰਤੀ-ਦਿਨ ਆਪਣੀ ਵੱਧ ਪ੍ਰਫੁਲਤਾ ਪ੍ਰਾਪਤ ਕਰਦਾ ਹੋਇਆ ਭਾਈ ਗੁਰਦਾਸ ਜੀ ਦੇ ਉਪਰ ਦਿੱਤੇ ਵਾਕ ਅਨੁਸਾਰ ਚੜ੍ਹਦੀ ਕਲਾ ਵਿਚ ਜਾਂਦਾ ਰਿਹਾ ।

ਬੇ-ਆਸਰੇ ਰੋਗੀਆਂ ਦੀ ਦੁਰਦਸ਼ਾ ਨੂੰ ਵੇਖ ਕੇ ਜਿਥੇ ਮੇਰੇ ਦਿਲ ਵਿਚ ਇਹ ਖ਼ਿਆਲ ਪੈਦਾ ਹੋਇਆ ਕਰਦਾ ਕਿ ਮੈਂ ਉਹਨਾਂ ਲਈ ਅਜਿਹੀ ਸੰਸਥਾ ਬਣਾਵਾਂ ਜਿਹੜੀ ਉਹਨਾਂ ਨੂੰ ਸੰਭਾਲ ਕੇ ਉਨ੍ਹਾਂ ਦਾ ਇਲਾਜ ਸਰਕਾਰੀ ਹਸਪਤਾਲਾਂ ਤੋਂ ਕਰਵਾਏ ਉਥੇ ਮੈਨੂੰ ਇਹ ਖ਼ਿਆਲ ਵੀ ਪੈਦਾ ਹੋਇਆ ਕਰਦਾ ਹੈ ਕਿ ਮੈਂ ਹੋਰਨਾਂ ਦੇਸ਼ਾਂ ਦੀਆਂ ਪੁਸਤਕਾਂ ਤੇ ਰਸਾਲੇ ਪੜ੍ਹ ਕੇ ਇਹ ਪਤਾ ਕਰਾਂ ਕਿ ਹੋਰਨਾਂ ਅਗਾਂਹ-ਵਧੂ ਦੇਸ਼ਾਂ ਨੇ ਆਪਣੇ ਇਸ ਪ੍ਰਕਾਰ ਦੇ ਮਸਲਿਆਂ ਨੂੰ ਹੱਲ ਕਰਨ ਲਈ ਕੀ ਕੁਝ ਸੋਚਿਆ ਹੈ ਤੇ ਕੀ

ਕੁਝ ਕੀਤਾ ਹੈ । ਚਾਰ ਕੁ ਸਾਲਾਂ ਦੇ ਲੂਲ੍ਹੇ ਬਾਲਕ ਜਿਸ ਨੂੰ ਲਾਵਾਰਸਾਂ ਦੀ ਹਾਲਤ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਅੱਗੇ ਛੱਡ ਗਿਆ ਸੀ ਤੇ ਜਿਸ ਨੂੰ ਲੂਲ੍ਹਾ ਹੋਣ ਦੇ ਕਾਰਨ ਕਿਸੇ ਯਤੀਮਖ਼ਾਨੇ ਨੇ ਵੀ ਦਾਖ਼ਿਲ ਨਹੀਂ ਕੀਤਾ ਸੀ, ਨੇ ਮੇਰੇ ਪੈਰਾਂ ਨੂੰ ਪੈਖੜ ਪਾ ਕੇ ਦੇਸ਼ ਵਿਚ ਲੂਲ੍ਹੇ ਬਾਲਕਾਂ ਲਈ ਇਕ ਸੰਸਥਾ ਖੜ੍ਹੀ ਕਰਨ ਲਈ ਮੈਨੂੰ ਆਪਣਾ ਜੀਵਨ ਇਸੇ ਪਾਸੇ, ਅਰਪਣ ਕਰਨ ਲਈ ਮਜਬੂਰ ਕਰ ਦਿੱਤਾ। ਆਓ, ਜ਼ਰਾ ਵਿਚਾਰੀਏ ਕਿ ਹੇਠ ਲਿਖੀ ਤੁਕ ਦਾ ਭਾਵ ਕੀ ਹੈ :–

ਜੀਅ ਦਾਨ ਦੇ ਭਗਤੀ ਲਾਇਨਿ,<br>
ਹਰਿ ਸਿਉ ਲੈਨਿ ਮਿਲਾਏ ॥

ਜੀਅ ਦਾਨ ਵਾਲੀ ਭਗਤੀ ਦੀ ਵਿਉਂਤ ਬੰਦੀ ਸਿੱਖ ਗੁਰੂ ਸਾਹਿਬਾਨ ਨੇ ਸੰਸਾਰ ਦੇ ਬੰਦਿਆਂ ਲਈ ਬਣਾਈ ਸੀ । ਇਸ ਵਿਉਂਤ-ਬੰਦੀ ਅਨੁਸਾਰ ਜੀਵਨ ਢਾਲ ਕੇ ਕੋਈ ਬੰਦਾ ਸੰਸਾਰ ਵਿਚ ਚੰਦ ਵਾਂਙ ਚਮਕਣ ਵਾਲੇ ਕੰਮ ਕਰ ਸਕਿਆ ਕਰਦਾ ਹੈ। ਗੁਰੂ ਘਰ ਦੇ ਸਭਿਆਚਾਰ ਦੇ ਅਜਿਹੇ ਅਨੇਕਾਂ ਲੇਖਾਂ ਨੂੰ ਦੇਸ਼ ਤੇ ਸੰਸਾਰ ਦੇ ਕੋਨੇ ਕੋਨੇ ਵਿਚ ਪਹੁੰਚਣ ਲਈ ਮੇਰੇ ਪਾਸ ਸ੍ਰੀ ਦਰਬਾਰ ਸਾਹਿਬ ਤੇ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਦੇ ਖ਼ਜ਼ਾਨੇ ਹੋਣੇ ਚਾਹੀਦੇ ਸਨ ।

ਮੈਨੂੰ ਇਸ ਗੱਲ ਦਾ ਮਾਣ ਹੈ ਕਿ ਆਪਣੇ ਜੀਵਨ ਵਿਚ ਪੈਰ ਧਰਦਿਆਂ ਹੀ ਆਪਣੀ ਵੀਹਾਂ ਸਾਲਾਂ ਦੀ ਉਮਰ ਵਿਚ ਮੇਰਾ ਵਾਹ ਸੰਸਾਰ ਦੇ ਇਕ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਨਾਲ ਪੈ ਗਿਆ ਤੇ ਮੈਂ ਭਰ ਜੀਵਨ ਵਿਚ ਹੀ ਰੱਬ ਦੇ ਰਾਹ ਤੇ ਤੁਰ ਕੇ ਫਰੀਦ ਜੀ ਦੇ ਹੇਠ ਲਿਖੇ ਬਚਨਾਂ ਦੀ ਪਾਲਣਾ ਕੀਤੀ :–

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥<br>
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥

Sri Satguru Jagjit Singh Ji eLibrary NamdhariElibrary@gmail.com

'ਹੇ ਫ਼ਰੀਦ ਜਿਨ੍ਹਾਂ ਪੁਰਸ਼ਾਂ ਨੇ ਜਵਾਨੀ ਦੇ ਸਮੇਂ ਹਰੀ ਨੂੰ ਯਾਦ ਨਹੀਂ ਕੀਤਾ ਉਹਨਾਂ ਵਿਚੋਂ ਕੋਈ ਵਿਰਲਾ ਹੀ ਬੁਢੇਪੇ ਦੇ ਸਮੇਂ ਯਾਦ ਕਰਦਾ ਹੈ। ਇਸ ਲਈ ਜਿੰਨਾ ਚਿਰ ਤੇਰਾ ਰੰਗ ਨਵਾਂ ਹੈ ਅਰਥਾਤ ਸਰੀਰ ਨਵਾਂ ਨਰੋਆ ਹੈ, ਜੀਵਨ ਵਿਚ ਉਤਸ਼ਾਹ ਤੇ ਤਾਜ਼ਗੀ ਹੈ, ਤੂੰ ਹਰੀ ਨੂੰ ਯ ਦ ਕਰਿਆ ਕਰ।"

ਗੁਰਦੁਆਰਾ ਡੇਹਰਾ ਸਾਹਿਬ ਦੇ ਦਿਨ-ਪ੍ਰਤੀ-ਦਿਨ ਦੇ ਹਰ ਪਲ ਦਰਸ਼ਨ ਕਰਦਿਆਂ ਰਹਿ ਕੇ ਮੈਨੂੰ ਮਨੁੱਖਾ ਜੀਵਨ ਦੇ ਇਕ ਮਹਾਨ ਆਦਰਸ਼ ਨੂੰ ਹਰ ਪਲ ਆਪਣੇ ਸਾਹਮਣੇ ਦੇਖਦੇ ਰਹਿਣ ਦਾ ਅਵਸਰ ਦੇਸ਼ ਦੀ ਵੰਡ ਦੇ ਦਿਨਾਂ ਵਿਚ ੧੮ ਅਗਸਤ ੧੯੪੭ ਦੇ ਦਿਨ ਤਕ ਮਿਲਿਆ। ਆਪਣੇ ਜਵਾਨੀ ਦੇ ਏਡੇ ਵੱਡੇ ਸਮੇਂ ਵਿਚ ਮਨੁੱਖੀ ਜੀਵਨ ਜੀਉਣ ਦੀ ਜਾਚ ਦੇ ਉਸ ਮਹਾਨ ਕਾਰਜ ਤੋਂ ਜੋ ਕੁਝ ਮੈਂ ਸਿਖਿਆ ਉਸ ਨੂੰ ਨਾ ਕੇਵਲ ਪਲ ਪਲ ਆਪਣੇ ਸਾਹਮਣੇ ਰੱਖਣਾ ਮੇਰਾ ਕਰਤੱਵ ਬਣ ਗਿਆ ਹੈ ਬਲਕਿ ਸੰਸਾਰ ਦੇ ਹਰ ਇਕ ਬੰਦੇ ਅੱਗੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਉਸ ਨੂੰ ਲਿਆਉਣਾ ਵੀ।

ਅੱਜ ਜਦੋਂ ਮੈਂ ਗੁਰਦੁਆਰਾ ਡੇਹਰਾ ਸਾਹਿਬ ਵਿਚ ਰਹਿ ਚੁਕੇ ਆਪਣੇ ਜੀਵਨ ਦੇ ਇਤਨੇ ਵੱਡੇ ਸਮੇਂ ਦੇ ਮਾਨਸਿਕ ਸੰਬੰਧਾਂ ਵੱਲ ਝਾਤ ਮਾਰ ਕੇ ਤੱਕਦਾ ਹਾਂ ਤਾਂ ਮੇਰੀ ਉਸ ਲੰਮੀ ਸੰਗਤ ਦੀ ਯਾਦ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੇਠ ਲਿਖੇ ਵਾਕ ਮੇਰੇ ਮਨ ਦੀਆਂ ਤਹਿਆਂ ਵਿਚੋਂ ਉਭਰ ਕੇ ਅੱਗੇ ਆ ਜਾਂਦੇ ਹਨ :—

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜੀਉ ਉਜੀਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥

(ਕ੍ਰਿਸ਼ਨ ਅਵਤਾਰ, ਪਾਤਸ਼ਾਹੀ ੧੦)

"ਇਸ ਜਗਤ ਦੇ ਅੰਦਰ ਧੰਨ ਹੈ ਉਹ ਪੁਰਸ਼ ਜੋ ਬੁਰਾਈ

ਦੇ ਵਿਰੁੱਧ ਲੜਾਈ ਦੇ ਵਿਚਾਰ ਸੋਚਦਾ ਹੋਇਆ ਵੀ ਮੁੱਖ ਤੋਂ 'ਹਰੀ ਹਰੀ' ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਹੀ ਉਹ ਧਰਮ ਦੀ ਲੜਾਈ ਲੜ ਸਕਦਾ ਹੈ (ਕਿਉਂਕਿ ਗੁੱਸਾ, ਘਿਰਣਾ ਆਦਿਕ ਜਜ਼ਬਿਆਂ ਦੇ ਪੈਦਾ ਹੋਣ ਤੋਂ ਉਹ ਬਚਿਆ ਰਹਿੰਦਾ ਹੈ) ਉਹ ਜਾਣਦਾ ਹੈ ਕਿ ਇਹ ਸਰੀਰ ਨਾਸ਼ਵੰਤ ਹੈ, ਇਸ ਨੇ ਸਦਾ ਨਹੀਂ ਰਹਿਣਾ। ਇਸ ਲਈ ਉਹ ਹਰੀ ਜੱਸ ਦੀ ਬੇੜੀ ਤੇ ਚੜ੍ਹਦਾ ਹੈ ਤੇ ਹਰੀ ਉਸ ਨੂੰ ਸੰਸਾਰ ਸਾਗਰ ਤੋਂ ਤਾਰਦਾ ਹੈ। ਉਹ ਆਪਣੇ ਸਰੀਰ ਨੂੰ ਧੀਰਜ ਦਾ ਘਰ ਬਣਾ ਕੇ ਰੱਖਦਾ ਹੈ ਤੇ ਆਪਣੀ ਬੁੱਧੀ ਨੂੰ ਗਿਆਨ ਦੇ ਦੀਵੇ ਨਾਲ ਜਗਮੰਗਾ ਲੈਂਦਾ ਹੈ ਫਿਰ ਆਤਮਾ-ਗਿਆਨ ਦਾ ਝਾੜੂ ਮਨ ਦੇ ਹੱਥਾਂ ਵਿਚ ਲੈ ਕੇ ਉਹ ਕਾਇਰ ਅਤੇ ਕੂੜ ਨੂੰ ਹੂੰਝ ਕੇ ਪਰੇ ਸੁੱਟ ਦਿੰਦਾ ਹੈ।"

ਅਰਥ :-ਅਨਿੱਤ—ਨਾਸ਼ਵਾਨ । ਬਢਨੀ-ਬਹਾਰੀ, ਝਾੜੂ । ਕਾਤੁਰਤਾ-ਕਾਇਰਤਾ। ਕੁਤਵਾਰ-ਕਰਕਟ-(ਝੂਠ)।

ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਭੈ ਕਰ ਸਮਝਹੁ,
ਮਨ ਹੀ ਮਾਹਿ ਉਦਾਸਾ ॥੧॥ਰਹਾਉ॥

ਜਤ ਕੀ ਜਟਾ ਜੋਗ ਕੋ ਮਜਨ, ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ ॥੧॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤ ॥
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤ ॥
ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹਿ ਪਾਵੈ ॥੩॥੧॥
(ਰਾਮਕਲੀ ਪਾਤਿਸ਼ਾਹੀ ੧੦)

"ਹੇ ਮੇਰੇ ਮਨ, ਇਸ ਤਰ੍ਹਾਂ ਦਾ ਸੰਨਿਆਸ ਧਾਰਨ ਕਰ– ਆਪਣੇ ਘਰ ਨੂੰ ਹੀ ਇਉਂ ਜੰਗਲ ਕਰਕੇ ਸਮਝ ਕਿ ਇਸ ਵਿਚ ਵਿਚਰਦਿਆਂ ਹੀ ਮਨ ਉਪਰਾਮ ਹੋ ਕੇ ਰਹੇ (ਅਰਥਾਤ ਮੋਹ ਮਾਇਆ ਦੇ ਚਿੱਕੜ ਤੇ ਹੋਰ ਬੁਰਿਆਈਆਂ ਤੋਂ ਬਚ ਕੇ ਰਹੇ)। ਜਤ ਕਾ ਜਟਾ ਬਣੇ, ਜੋਗ (ਪ੍ਰਮਾਤਮਾ ਨਾਲ ਜੁੜੇ ਰਹਿਣ ਦਾ) ਮਜਨ (ਇਸ਼ਨਾਨ) ਹੋਵੇ ਅਤੇ ਨੇਮ ਦੇ ਨਹੁੰ ਵਧਾਏ ਹੋਣ। ਹਰੀ ਦਾ ਗਿਆਨ ਗੁਰੂ ਹੋਵੇ, ਜਿਸ ਤੋਂ ਆਤਮਾ ਨੂੰ ਅਗਵਾਈ ਮਿਲੇ ਅਤੇ ਹਰੀ ਦੇ ਨਾਮ ਦੀ ਭਬੂਤੀ ਸਰੀਰ ਨੂੰ ਚੜ੍ਹਦੀ ਜਾਵੇ। ਥੋੜ੍ਹਾ ਖਾਣਾ ਤੇ ਥੋੜ੍ਹਾ ਹੀ ਸੌਣਾ ਹੋਵੇ ਅਤੇ ਦਇਆ, ਖਿਮਾ ਤੇ ਪ੍ਰੀਤ ਦਾ ਸਰੀਰ ਅੰਦਰ ਵਾਸਾ ਹੋਵੇ ਸ਼ੀਲ ਤੇ ਸੰਤੋਖ ਦਾ ਧਾਰਨੀ ਹੋ ਕੇ ਜੀਵਨ ਇਸ ਤਰ੍ਹਾਂ ਗੁਜ਼ਾਰਿਆ ਜਾਏ ਕਿ ਇਹ ਤਿੰਨ ਗੁਣਾਂ (ਰਜੋ, ਸਤੋ, ਤਮੋ, ਦੇ ਅਸਰਾਂ ਤੋਂ ਆਜ਼ਾਦ ਹੋ ਜਾਏ।"

ਅਕਲ ਨਾਲ ਅਨੇਕ ਭਾਂਤ ਦੀ ਸੇਵਾ ਕਰਨ ਦਾ ਯਤਨ ਕਰਦਿਆਂ ਹੋਇਆਂ ਉਸ ਮਹਾਨ ਅਸਥਾਨ ਤੋਂ ਸੇਵਾ ਦੇ ਮੈਂ ਦੋ ਬਹੁਤ ਵੱਡੇ ਕੰਮ ਸਹੇੜ ਕੇ ਆਪਣੇ ਨਾਲ ਲਿਆਇਆ ਹੋਇਆ ਹਾਂ। ਇਕ ਉਹ ਲੂਲ੍ਹਾ ਬਾਲਕ ਜਿਸ ਦੀ ਉਮਰ ਚਾਰ ਕੁ ਸਾਲਾਂ ਦੀ ਸੀ ਤੇ ਜਿਸ ਨੂੰ ਕੋਈ ਦੋ ਬੰਦੇ ਸੰਨ ੧੯੩੪ ਵਿਚ ਗੁਰਦੁਆਰਾ ਡੇਹਰਾ ਸਾਹਿਬ ਅੱਗੇ ਛੱਡ ਕੇ ਚਲੇ ਗਏ ਸਨ ਤੇ ਜਿਸ ਨੂੰ ਮੈਂ ਉਸ ਵੇਲੇ ਚੁੱਕ ਕੇ ਸੰਭਾਲਣਾ ਆਰੰਭ ਕੀਤਾ। ਉਸ ਲੂਲ੍ਹੇ ਦੇ ਡੇਰੇ ਪਿੰਗਲਵਾੜੇ ਵਿਚ ਆਉਣ ਤੋਂ ਨਾ ਮੈਂ ਕਿਸੇ ਅੰਗ-ਹੀਣ ਬੰਦੇ ਨੂੰ ਰੋਕਿਆ, ਨਾ ਕਿਸੇ ਅਪਾਹਿਜ ਨੂੰ ਤੇ ਨਾ ਹੀ ਕਿਸੇ ਬੇ-ਆਸਰੇ ਰੋਗੀ ਨੂੰ। ਅਜਿਹਾ ਕਰਨ ਲਈ ਮੈਨੂੰ ਗੁਰਮਤਿ ਦੇ ਹੇਠ ਲਿਖੇ ਦੋ ਵਾਕ ਪ੍ਰੇਰਦੇ ਹਨ :–

(੧) ਜੋ ਜੀਅ ਆਵੇ ਸੋ ਰਾਜੀ ਜਾਵੇ ॥

(੨) ਜਉ ਤਉ ਪ੍ਰੇਮ ਖੇਲਣ ਕਾ ਚਾਉ ॥

### ੩. ਹਿਆਉ ਨ ਠਾਹੇ ਕਹੀਦਾ ॥

ਮੈਂ ਆਪਣੀ ਪਿੱਠ ਨੂੰ ਲੂਲ੍ਹੇ ਦੀ ਰੇਲ ਗੱਡੀ ਬਣਾਈ ਰਖਿਆ ਹੈ ਜਿਸ ਉਤੇ ਮੈਂ ਹਰ ਬੇ-ਆਸਰੇ ਰੋਗੀ ਤੇ ਅਪਾਹਿਜ ਨੂੰ ਚੜ੍ਹਨ ਦੀ ਆਗਿਆ ਦਿਤੀ ਹੈ। ਬ੍ਰਹਮ ਗਿਆਨਤਾ ਦਾ ਇਹੋ ਰਾਹ ਹੈ ਜਿਸ ਦੀ ਸਿਖਿਆ ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਵਾਕ ਤੋਂ ਮਿਲਦੀ ਰਹੀ ਹੈ:—

ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥ ॥

(ਪੰਨਾ ੨੭੩)

ਅਜ ਤੋਂ ੩੬ ਸਾਲ ਪਹਿਲਾਂ ਜਿਸ ਦਿਨ ਮੈਂ ਸੰਨ ੧੯੪੭ ਦੀ ਦੇਸ਼ ਦੀ ਵੰਡ ਦੇ ਦਿਨਾਂ ਵਿਚ ਅੰਮ੍ਰਿਤਸਰ ਸ਼ਹਿਰ ਦੇ ਖ਼ਾਲਸਾ ਕਾਲਜ ਦੇ ਰਿਫਿਊਜੀ ਕੈਂਪ ਵਿਚ ਪੁੱਜਿਆ ਤਾਂ ਮੈਂ ਆਪਣੇ ਨਾਲ ਆਪਣੇ ਲੂਲ੍ਹੇ ਨੂੰ ਪਿੱਠ ਉਤੇ ਲਿਆਇਆ ਤੇ ਨਾਲ ਹੀ ਮਰਨ-ਬਿਸਤਰੇ ਤੇ ਪਏ ਹੋਏ ਇਕ ਲਾਵਾਰਸ ਬੁੱਢੇ ਨੂੰ ਵੀ। ਇਹੋ ਦੋ ਜਣੇ ਮੇਰਾ ਪਰਿਵਾਰ ਤੇ ਮੇਰਾ ਸਭ ਕੁਝ ਸੀ ਜੋ ਮੈਂ ਆਪਣੇ ਨਾਲ ਆਪਣੀ ਲਾਹੌਰ ਸ਼ਹਿਰ ਦੀ ਖੱਟੀ ਦੇ ਤੌਰ ਤੇ ਲਿਆਇਆ ਸਾਂ। ਮੈਂ ਜਿਹੜਾ ੨੪ ਸਾਲਾਂ ਦਾ ਸਮਾਂ ਲਾਹੌਰ ਸ਼ਹਿਰ ਵਿਚ ਬਿਤਾਇਆ ਸੀ, ਉਹ ਪ੍ਰਾਣੀ-ਮਾਤਰ ਦੀ ਸੇਵਾ ਵਿਚ ਬਿਤਾਇਆ ਸੀ ਜਿਹੜੀ ਸੇਵਾ ਕਰਨ ਦਾ ਅਵਸਰ ਮੈਨੂੰ ਕੇਵਲ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਦੁਆਰਾ ਪ੍ਰਾਪਤ ਹੋਇਆ ਸੀ। ਪੈਸਾ ਕਮਾਉਣ ਲਈ ਮੈਂ ਨਾ ਕੋਈ ਨੌਕਰੀ ਕੀਤੀ ਤੇ ਨਾ ਕੋਈ ਕੰਮ ਕੀਤਾ। ਕੇਵਲ ਇਕ ਰੁਪਿਆ ਪੰਜ ਆਨੇ ਦੇ ਪੈਸੇ ਅੰਮ੍ਰਿਤਸਰ ਪੁੱਜਣ ਵੇਲੇ ਮੇਰੇ ਪਾਸ ਸਨ ਜਿਹੜੇ ਇਕ ਦੋ ਦਿਨ ਪਹਿਲਾਂ ਮੈਨੂੰ ਗੁਰਦੁਆਰਾ ਡੇਹਰਾ ਸਾਹਿਬ ਵਿਚ ਹੀ ਕਿਸੇ ਗੁਰੂ ਦੇ ਸਿੰਘ ਨੇ ਦਿਤੇ ਸਨ। ਗ੍ਰਿਹਸਤ ਵਿਚ

Sri Satguru Jagjit Singh Ji eLibrary NamdhariElibrary@gmail.com

ਮੈਂ ਸਾਰੀ ਉਮਰ ਪਿਆ ਨਹੀਂ, ਸੇਵਾ ਦੀ ਲਗਨ ਨੇ ਮੈਨੂੰ ਇਸ ਪਾਸੇ ਸੋਚਣ ਵੀ ਨਹੀਂ ਦਿਤਾ, ਸ਼ਹੀਦ ਗਜ ਸ਼ਹੀਦ ਭਾਈ ਮਨੀ ਸਿੰਘ ਨਾਲ ਮੇਰੇ ਡੇਰੇ ਦੇ ਤਿੰਨ ਸੇਵਾਦਾਰ ੧੩ ਅਗਸਤ ੧੯੪੭ ਵਾਲੇ ਦਿਨ ਕਤਲ ਹੋ ਗਏ ਸਨ। ਡੇਢ ਦੋ ਸਾਲ ਇਸ ਕਾਰਜ ਨੂੰ ਮੈਂ ਸੜਕਾਂ ਦੇ ਕੰਢਿਆਂ ਤੇ ਆਪਣੀ ਹੱਥਾਂ ਦੀ ਹਰ ਪਰਕਾਰ ਦੀ ਸੇਵਾ ਨਾਲ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸ਼ਰਿਰ ਵਿਚ ਅਰੰਭ ਕੀਤਾ। ਅੱਜ ੩੬ ਸਾਲ ਮਗਰੋਂ ਲੂਲ੍ਹੇ ਦੀ ਮੇਰੀ ਪਿੱਠ ਦੀ ਰੇਲ ਗੱਡੀ ਉਤੇ ੬੭੫ ਬੇਆਸਰੇ ਰੋਗੀ ਤੇ ਅਪਾਹਿਜ ਸਵਾਰ ਹੋ ਚੁੱਕੇ ਹਨ। ਏਨੇ ਵੱਡੇ ਕਾਰਜ ਨੂੰ ਨਾ ਮੈਂ ਆਪਣੀ ਕਿਸੇ ਨਿੱਜੀ ਆਮਦਨ ਦੇ ਸਹਾਰੇ ਚੁੱਕਿਆ, ਨਾ ਕਿਸੇ ਧਨੀ ਬੰਦੇ ਦੇ ਸਹਾਰੇ ਅਤੇ ਨਾ ਸਰਕਾਰ ਦੇ ਸਹਾਰੇ। ਇਸ ਕਾਰਜ ਨੂੰ ਜੇਕਰ ਮੈਂ ਚੁੱਕਿਆ ਹੈ ਤਾਂ ਕੇਵਲ ਆਪਣੀ ਸਾਧ ਵਾਲੀ ਬਗਲੀ ਦੇ ਸਹਾਰੇ ਜਿਸ ਉਤੇ ਹੇਠ ਲਿਖੇ ਸ਼ਬਦ ਉਕਰੇ ਹੋਏ ਹਨ–'ਭਗਤ ਪੂਰਨ ਸਿੰਘ ੨੪ ਸਾਲ ਰਹਿ ਚੁੱਕਾ ਸ਼ੇਵਾਦਾਰ ਗੁਰਦੁਆਰਾ ਡੇਹਰਾ ਸਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ।

ਤਿੰਨ ਲੱਖ ਰੁਪਿਆ ਮਹੀਨੇ ਦੇ ਖ਼ਰਚ ਨਾਲ ਚੱਲਣ ਵਾਲੀ ਆਪਣੀ ਸੰਸਥਾ ਨੂੰ ਚਲਾਉਣ ਦੇ ਸੰਬਧ ਵਿਚ ਜੇਕਰ ਮੈਂ ਅਨੇਕ ਪ੍ਰਕਾਰ ਦੀਆਂ ਦਿਲ-ਤੋੜੂ ਔਕੜਾਂ ਤੇ ਨਿਰਾਸਤਾਵਾਂ ਦੇ ਵਿਚਕਾਰ ਭਾਰਾ ਹੌਸਲਾ ਕਾਇਮ ਰਖਦਾ ਆਇਆ ਹਾਂ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਦੀ ਓਟ ਉਤੇ ਹੀ:–

ਅਪਨੇ ਸੇਵਕ ਕੀ ਆਪੇ ਰਾਖੈ ਆਪੇ ਨਾਮ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ ਹੋਇ ਆਵੈ ॥ ੧ ॥ ਰਹਾਉ ॥

Sri Satguru Jagjit Singh Ji eLibrary NamdhariElibrary@gmail.com

ਤਿਸ ਸੇਵਕ ਕੇ ਹਉ ਬਲਿਹਾਰੀ ਜੋ ਆਪਨੇ ਪ੍ਰਭ ਭਾਵੈ ॥
ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ
ਪਰਸਣਿ ਆਵੈ ॥ -ਪੰਨਾ ੪੦੩ (ਆਸਾ ਮਹਲਾ ੫)

ਮੇਰਾ ਦੂਜਾ ਵੱਡਾ ਕਾਰਜ ਸੰਸਾਰ ਦੇ ਇਕੱਲੇ ਇਕੱਲੇ ਬੰਦੇ ਨੂੰ ਬੋਰਡਾਂ ਇਸ਼ਤਿਹਾਰਾਂ ਤੇ ਕਿਤਾਬਚਿਆਂ ਨਾਲ ਇਹ ਦੱਸਣਾ ਹੈ ਕਿ ਉਹ ਵਰਤਮਾਨ ਕਾਲ ਵਿਚ ਧਰਮ ਰਾਜਨੀਤੀ ਤੇ ਅਰਥ—ਸ਼ਾਸਤਰ ਆਦਿ ਅਨੇਕਾਂ ਵਿਸ਼ਿਆਂ ਦੇ ਸੰਬੰਧ ਵਿਚ ਕਿਸ ਕਿਸ ਗੱਲ ਨੂੰ ਆਪਣੇ ਸਾਹਮਣੇ ਰੱਖੇ। ਇਸ ਕਾਰਜ ਲਈ ਵਧਦਾ ਵਧਦਾ ਖ਼ਰਚ ੯੦ ਹਜ਼ਾਰ ਰੁਪਿਆ ਮਹੀਨਾ ਤੇ ਪੁੱਜ ਚੁੱਕਾ ਹੈ ਪਰ ਇਸ ਕਾਰਜ ਲਈ ਤਾਂ ਪੰਝੀ ਲੱਖ ਰੁਪਿਆ ਮਹੀਨਾ ਵੀ ਥੋੜ੍ਹਾ ਹੈ।

ਇਹ ਦੋਵੇਂ ਕਾਰਜ ਉਹਦੇ ਫ਼ਲ ਹਨ ਜਿਹੜੇ ਕਿਸੇ ਬੰਦੇ ਦੇ ਜੀਵਨ ਤੋਂ ਉਸ ਵੇਲੇ ਉਪਜਿਆ ਕਰਦੇ ਹਨ ਜਦੋਂ ਉਸ ਦੇ ਗੁਰਸਿੱਖੀ ਦੇ ਜੀਵਨ ਦਾ ਇਕ ਰੁੱਖ ਵਾਂਗ ਵਿਕਾਸ ਹੋ ਚੁੱਕਿਆ ਹੋਵੇ। ਪ੍ਰਾਣੀ-ਮਾਤਰ ਦੀ ਸੇਵਾ ਵਾਲੇ ਅਜਿਹੇ ਅਨੇਕ ਪ੍ਰਕਾਰ ਦੇ ਜ਼ਰੂਰੀ ਕਾਰਜਾਂ ਬਾਰੇ ਸੋਚਣਾ, ਉਹਨਾਂ ਨੂੰ ਕਰਨਾ ਤੇ ਸੰਸਾਰ ਦੇ ਬੰਦਿਆਂ ਨੂੰ ਸਤੁ ਸੰਤੋਖ ਤੇ ਦਇਆ ਦਾ ਜੀਵਨ ਬਿਤਾਉਣ ਦਾ ਗਿਆਨ ਦੇਣਾ ਹਰ ਉਸ ਸਿੱਖ ਦਾ ਇਕ ਜ਼ਰੂਰੀ ਲੱਛਣ ਹੁੰਦਾ ਹੈ ਜਿਸ ਨੇ ਆਪਣਾ ਸਾਰਾ ਜੀਵਨ ਗੁਰੂ ਲੇਖੇ ਲਾ ਦਿਤਾ ਹੋਵੇ। ਇਸ ਗੱਲ ਦੀ ਹੇਠ ਲਿਖੀ ਗਵਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਗੁਰੂ ਘਰ ਦੇ ਇਤਿਹਾਸ ਤੋਂ ਮਿਲਦੀ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਚ ਮਨੁੱਖੀ ਆਤਮਾ ਦੀ ਖੁਸ਼ੀਆਂ ਭਰੀ ਸ਼ਕਤੀ ਕਈ ਵੱਖ ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਸੀ। ਹਰ ਨਵੇਂ ਦਿਨ ਨਵੇਂ ਖਿਆਲ ਵਾਯੂ-ਮੰਡਲ ਵਿਚ ਫ਼ੈਲ ਜਾਂਦੇ ਸਨ ਅਤੇ ਖਾਲਸਾ ਪੰਥ ਨਵਿਆਂ ਰੰਗਾਂ ਵਿਚ ਰੰਗਿਆ ਜਾਂਦਾ ਸੀ। ਸੇਵਾ ਪੰਥੀ, ਨਿਰਮਲੇ ਤੇ ਸਹਿਜਧਾਰੀ ਨਵੇਂ ਨਵੇਂ ਉੱਚੇ ਤੇ

ਚਮਕੀਲੇ ਫੈਸਲੇ ਕਰਦੇ ਸਨ ਅਤੇ ਇਹਨਾਂ ਸਾਰਿਆਂ ਤੋਂ ਪਿਛੇਰੇ ਤ ਉਚੇਰੇ ਸਨ ਅਕਾਲੀ, ਜਿਹਨਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ ਮੈਲ ਤੋਂ ਸਾਫ਼ ਕਰ ਲਿਆ ਸੀ ਅਤੇ ਉਹ ਸਰੀਰ ਦੇ ਇਸ ਮਾਇਆ ਜਾਲ ਤੋਂ ਬਿਲਕੁਲ ਸੁਤੰਤਰ ਹੋ ਕੇ ਗੁਰੂ ਦੇ ਸੁਪਨਿਆਂ ਨਾਲ ਇਕ-ਮਿਕ ਹੋ ਗਏ ਸਨ। ਸਵਾ-ਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਣ ਕੀਤਾ ਤੇ ਇਸ ਤਰ੍ਹਾਂ ਸ੍ਰੀ ਗੁਰੂ ਗੋਬਿਦ ਸਿੰਘ ਜੀ ਦੇ ਰੈਡਕਰਾਸ (ਸੁਰਖ਼ ਸਲੀਬ) ਦੀ ਨੀਂਹ ਰੱਖੀ ਜਿਸ ਨੇ ਮਿਤਰਾ ਤੇ ਵੈਰੀਆਂ ਦੀ ਇਕੋ ਜਿਹੀ ਸੇਵਾ ਕੀਤੀ। ਉਹ ਜੰਗ ਦੇ ਮੈਦਾਨ ਵਿਚ ਆਪਣੀ ਪਿੱਠ ਤੇ ਪਾਣੀ ਚੁੱਕ ਕੇ ਲੈ ਜਾਂਦੇ ਸਨ ਅਤੇ ਜ਼ਖ਼ਮਾਂ ਤੇ ਪਿਆਸ ਨਲ ਮਰ ਰਹੇ ਬੰਦੇ ਦੇ ਬੁੱਲ੍ਹਾਂ ਨਾਲ ਪਾਣੀ ਦਾ ਰਹਿਮ ਵਾਲਾ ਬਾਟਾ ਲਾਉਂਦੇ ਸਨ। ਜੰਗ ਦੇ ਮੈਦਾਨ ਨੂੰ ਪਾਣੀ ਪਿਲਾਉਣ ਲਈ ਜਾਂਦੇ ਹੋਏ ਉਹ ਮੁੱਢਲੀ ਮਲ੍ਹਮ ਪੱਟੀ ਦਾ ਸਮਾਨ ਵੀ ਅਪਣੇ ਨਾਲ ਲੈ ਜਾਂਦੇ ਸਨ ਅਤੇ ਜਰਾਹੀ (ਚੀਰ-ਫਾੜ ਕਰਨ) ਤੇ ਔਸ਼ਧੀ (ਦਵਾਈ) ਦੇ ਇਲਮ ਵੀ ਉਹ ਸਿਖਦੇ ਸਨ। ਨਿਰਮਲਿਆਂ ਨੇ ਆਪਣੇ ਆਪ ਨੂੰ ਵਿਦਿਆ ਪ੍ਰਾਪਤ ਕਰਨ ਤੇ ਲਗਾ ਦਿਤਾ। ਉਹਨਾਂ ਸੰਸਕ੍ਰਿਤ ਤੇ ਵੇਦਾਂਤ ਪੜ੍ਹਿਆ ਅਤੇ ਦਸ਼ ਭਰ ਵਿਚ ਵਿਦਿਆ ਫੈਲਾਣ ਅਤੇ ਉਸ ਸਾਹਿਤ ਨੂੰ ਪ੍ਰਚਾਨ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿਚ ਰਚਿਆ ਗਿਆ। —ਪ੍ਰੋਫੈਸਰ ਪੂਰਨ ਸਿੰਘ ਜੀ ਦੀ ਅੰਗਰੇਜ਼ੀ ਪੁਸਤਕ :—

A book of Ten Masters 'ਦਸ ਗੁਰੂ ਸਾਹਿਬਾਨ' ਵਿਚੋਂ

# ਸ੍ਰੀ ਗੁਰੂ ਅਰਜਨ ਦੇਵ ਜੀ ਤੇ ਲਾਹੌਰ ਦਾ ਕਾਲ

ਲਾਹੌਰ ਸ਼ਹਿਰ ਵਿਚ ਕਾਲ ਪੈ ਗਿਆ। ਗੁਰੂ ਜੀ ਜੀ ਨੂੰ ਖਬਰਾਂ ਪੁੱਜ ਰਹੀਆਂ ਸਨ ਕਿ ਉਸ ਕਾਲ ਦੇ ਕਾਰਨ ਲਾਹੌਰ ਦੀ ਹਾਲਤ

Sri Satguru Jagjit Singh Ji eLibrary NamdhariElibrary@gmail.com

ਬਹੁਤ ਹੀ ਭਿਆਨਕ ਰੂਪ ਧਾਰਨ ਕਰ ਰਹੀ ਸੀ । ਸਮਕਾਲੀ ਇਤਿਹਾਸਕਾਰ ਨੂਰੁਲ ਹੱਕ ਦੇ ਕਥਨ ਅਨੁਸਾਰ 'ਭੁੱਖ ਤੇ ਰੋਗਾਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ। ਉਹਨਾਂ ਨੂੰ ਸ਼ਹਿਰ ਵਿਚੋਂ ਚੁਕ ਕੇ ਬਾਹਰ ਰੱਖਣ, ਸਾੜਨ ਦਾ ਕੋਈ ਵੀ ਪ੍ਰਬੰਧ ਨਹੀਂ ਸੀ। ਇਤਨੀ ਭੈੜੀ ਹਾਲਤ ਲਾਹੌਰ ਦੀ ਹੋ ਗਈ ਕਿ ਮੁਗਲ ਬਾਦਸ਼ਾਹ ਨੂੰ ਦਿੱਲੀ ਦੇ ਆਪਣੇ ਤਖ਼ਤ ਤੋਂ ਆਪ ਮੌਕੇ ਉਤੇ ਆਉਣਾ ਪਿਆ। ੧੫੯੭ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਲਾਹੌਰ ਪੁਜੇ, ਗੁਰੂ ਦੀਆਂ ਸੰਗਤਾਂ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿਚ ਚੜ੍ਹਾਏ ਗਏ ਦਸਵੰਧ ਦੀ ਰਕਮ ਕਾਫੀ ਜਮ੍ਹਾਂ ਹੋ ਗਈ ਸੀ। ਗੁਰੂ ਜੀ ਨੇ ਲੋੜਵੰਦਾਂ ਨੂੰ ਸਹਾਇਤਾ ਪਹੁੰਚਾਣੀ ਸ਼ੁਰੂ ਕੀਤੀ, ਸਦਾਵਰਤ ਲੰਗਰ ਜਾਰੀ ਕਰ ਦਿਤੇ ਨਿਆਸਰਿਆਂ ਤੇ ਨਿਥਾਵਿਆਂ ਨੂੰ ਟਿਕਾਣਾ ਦੇਣ ਲਈ ਚੂਨੇ ਮੰਡੀ ਵਿਚ ਇਮਾਰਤ ਦਾ ਕੰਮ ਸ਼ੁਰੂ ਕਰ ਦਿੱਤਾ ਤੇ ਡੱਬੀ ਬਾਜ਼ਾਰ ਵਿਚ ਬਾਉਲੀ ਬਣਾਉਣੀ ਸ਼ੁਰੂ ਕੀਤੀ। ਇਨ੍ਹਾਂ ਉਸਾਰੀ ਦੇ ਕੰਮਾਂ ਕਾਰਨ ਬੇ-ਰੁਜ਼ਗਾਰਾ ਨੂੰ ਕੰਮ ਮਿਲਣੇ ਸ਼ੁਰੂ ਹੋ ਗਏ ਤੇ ਸਿਰ ਛੁਪਣ ਲਈ ਥਾਂ ਬਣ ਗਈ, ਮੁਰਦੇ ਚੁਕਣ, ਸਾੜਨ ਤੇ ਦਬਾਉਣ ਦਾ ਕੰਮ ਗੁਰੂ ਜੀ ਨੇ ਆਪ ਕੀਤਾ। ਲੋਕੀਂ ਵੇਖ ਕੇ ਵਾਹ ਵਾਹ ਕਰ ਰਹੇ ਸਨ ਤ ਧੰਨ ਗੁਰੂ ਅਰਜਨ, ਧੰਨ ਗੁਰੂ ਅਰਜਨ ਦੀ ਧੁੰਨ ਲਗਾ ਰਹੇ ਸਨ। ਅੱਠ ਮਹੀਨੇ ਆਪ ਲਾਹੌਰ ਹੀ ਰਹੇ ਤੇ ਫਿਰ ਉਸਾਰੀ ਦਾ ਕੰਮ ਸਿੱਖਾਂ ਦੇ ਸਪੁਰਦ ਕਰਕੇ ਪਿੰਡਾਂ ਵਿਚ ਪ੍ਰਚਾਰ ਕਰਨ ਤੇ ਲੋੜਵੰਦਾਂ ਨੂੰ ਸਹਾਇਤਾ ਦੇਣ ਲਈ ਚਲੇ ਗਏ। "ਸਾਡਾ ਇਤਿਹਾਸ ਦਸ ਪਾਤਸ਼ਾਹੀਆਂ" (ਲੇਖਕ-ਪ੍ਰੋਫ਼ੈਸਰ ਸਤਬੀਰ ਸਿੰਘ, ਨਿਊ ਬੁੱਕ ਕੰਪਨੀ ਮਾਈ ਹੀਰਾਂ ਗੇਟ, ਜਲੰਧਰ) । ਆਪਣੇ ਇਸ ਟਰੈਕਟ ਦੁਆਰਾ ਮੈਂ ਉਨ੍ਹਾਂ ਗੁਰੂ ਪਿਆਰਿਆਂ ਨੂੰ ਖ਼ਬਰਦਾਰ ਕਰਦਾ ਹਾਂ ਜਿਹੜੇ ਦਿਨ ਦੇ-੪ ਘੰਟਿਆਂ 'ਚ ਘੱਟੋ ਘੱਟ ਦੋ ਵਾਰੀ ਪ੍ਰਤੀ-ਦਿਨ ਆਪਣੀ ਸਵੇਰ ਤੇ ਸ਼ਾਮ ਦੀ ਅਰਦਾਸ ਵਿਚ ਹੇਠ ਲਿਖੇ

Sri Satguru Jagjit Singh Ji eLibrary NamdhariElibrary@gmail.com

ਸ਼ਬਦਾਂ ਨੂੰ ਆਪਣੇ ਮੂੰਹ ਵਿਚੋਂ ਕੱਢਦੇ ਹਨ :-

੧. "ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ।"

੨. ਹੇ ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਸਤਿਗੁਰੂ।

੩. ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਕਾ ਭਲਾ। ਕਿ ਉਹ ਮੇਰੀ ਝੋਲੀ ਦਾ ਹਰ ਵੇਲੇ ਫਿਕਰ ਕਰਦੇ ਰਹਿਣ। ਇਹ ਝੋਲੀ ਗੁਰੂ ਕੀ ਨਗਰੀ ਵਿਚ ਉਨ੍ਹਾਂ ਕੰਮਾਂ ਨੂੰ ਕਰ ਰਹੀ ਹੈ, ਜਿਨ੍ਹਾਂ ਨੂੰ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਦੇ ਬੰਦਿਆਂ ਨੂੰ ਨਾ ਕੇਵਲ ਸਿਖਿਆ ਦਿਤੀ ਬਲਕਿ ਆਪ ਕਰਕੇ ਵੀ ਵਿਖਾਇਆ। ਇਸ ਗੱਲ ਦਾ ਪਤਾ ਮੇਰੇ ਛਪੇ ਹੋਏ ਅਨੇਕਾਂ ਇਸ਼ਤਿਹਾਰਾਂ ਤੇ ਕਿਤਾਬਚਿਆਂ ਤੋਂ ਲੱਗ ਸਕਦਾ ਹੈ। ਸੋ ਇਸ ਕਾਰਜ ਲਈ ਹਰ ਇਕ ਧਰਮੀ ਬੰਦੇ ਨੂੰ ਫਿਕਰ ਕਰਨ ਦੀ ਲੋੜ ਹੈ।

## ਆਤਮਾ ਦੀ ਸਭ ਤੋਂ ਗਹਿਰੀ ਲੋੜ

ਸਾਡੀਆਂ ਆਤਮਾਵਾਂ ਦੀ ਸਭ ਤੋਂ ਡੂੰਘੀ ਲੋੜ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਮਨੁੱਖ ਜਾਤੀ ਦਾ ਭਲਾ ਕਰਨ ਵਾਲੇ ਮਹਿਸੂਸ ਕਰੀਏ। ਜਦੋਂ ਅਸੀਂ ਮਨੁੱਖ ਜਾਤੀ ਦੇ ਉੱਚੇ ਸੁੱਚੇ ਲਾਭਾਂ ਨਾਲ ਆਪਣੇ ਆਪ ਨੂੰ ਜੋੜਦੇ ਹਾਂ, ਕੇਵਲ ਉਦੋਂ ਹੀ ਅਸੀਂ ਆਪਣੇ ਸਮਾਜਕ ਅਤੇ ਇਸ ਲਈ ਆਪਣੇ ਪੂਰਨ ਮਨੁੱਖੀ ਸਰੂਪ ਦੀ ਪਹਿਚਾਣ ਕਰ ਲੈਂਦੇ ਹਾਂ। ਅਸੀਂ ਪੂਰਨ ਮਨੋਰਥਾਂ ਵਾਲੇ ਹੋ ਕੇ ਉਦੋਂ ਹੀ ਸੰਸਾਰ ਵਿਚ ਵਿਚਰ ਦੇ ਹਾਂ ਜਦੋਂ ਅਸੀਂ ਆਪਣੇ ਆਪ ਨੂੰ ਸੰਸਾਰ ਭਲਾਈ ਦੇ ਵਸੀਲੇ ਬਣਾ ਲੈਂਦੇ ਹਾਂ ਜੇਰਮੀਆਂ ਤੋਂ ਲੈ ਕੇ ਲਿੰਕਨ ਤਕ ਸੰਸਾਰ ਦੀ ਤਵਾਰੀਖ਼ ਦੇ ਸਭ ਤੋਂ ਵੱਧ ਉਸਾਰੂ ਪ੍ਰਤਿਭਾਸ਼ੀਲ ਮਨੁੱਖ ਕੇਵਲ ਉਹੀ ਹੋਏ ਹਨ ਜਿਨ੍ਹਾਂ ਨੇ ਆਪਣੇ ਅੰਦਰ ਵਾਹਿਗੁਰੂ ਦੀ ਆਵਾਜ਼ ਨੂੰ ਸੁਣ ਕੇ ਆਪਣੇ ਆਪ ਨੂੰ ਮਨੁੱਖੀ ਨਸਲ ਦੀ ਸੇਵਾ ਲਈ ਤਨ, ਮਨ ਅਤੇ ਧਨ ਸਹਿਤ ਅਰਪਣ

Sri Satguru Jagjit Singh Ji eLibrary NamdhariElibrary@gmail.com

(ਗੋਲਾ ਮੁੱਲ ਖ਼ਰੀਦ) ਕਰ ਦਿਤਾ । ਉਹ ਸੰਸਾਰ ਵਿਚ ਹੋ ਚੁੱਕੇ ਉਨ੍ਹਾਂ ਅਣਗਿਣਤ ਕਰੋੜਾਂ ਗੁੰਮਨਾਮ ਬੰਦਿਆਂ ਵਿਚੋਂ ਹੀ ਚਮਕੇ ਹੋਏ ਹਨ ਜਿਹਨਾਂ ਦੇ ਅੰਦਰ ਵੀ ਰੱਖੀ ਅਗਨੀ ਜਗ ਰਹੀ ਸੀ ਭਾਵੇਂ ਉਹ ਪਰਜੁਅਲਤ ਅਤੇ ਪਰਫੁਲਤ ਨਹੀਂ ਹੋਈ ਸੀ। ਜੇਕਰ ਸਾਡੇ ਆਪਣੇ ਅੰਦਰ ਵੀ ਭਰੋਸੇ-ਭਰੀ ਐਸੀ ਕਲਪਨਾ ਹੋਵੇ ਤਾਂ ਅਸੀਂ ਆਪਣੇ ਨੌਜਵਾਨਾਂ ਦੀਆਂ ਕੋਮਲ ਅਤੇ ਜਿਧਰ ਨੂੰ ਮੋੜੇ ਮੁੜ ਜਾਣ ਵਾਲੀਆਂ ਆਤਮਾਵਾਂ ਵਿਚ ਸੰਸਾਰ ਦੀ ਭਲਾਈ ਦੀਆਂ ਮਹਾਨ ਅਚੰਮੇ ਵਾਲੀਆਂ ਸ਼ਕਤੀਆਂ ਭਰ ਦੇਈਏ। ਮਨੋਵਿਗਿਆਨੀਆਂ ਦੀ ਲੰਘ ਰਹੀ ਨਸਲ ਨੇ ਨੌਜਵਾਨਾਂ ਦੇ ਆਦਰਸ਼ਵਾਦ ਉਤੇ ਬੜੇ ਵਿਸਥਾਰ ਨਾਲ ਵਿਚਾਰ ਕੀਤਾ ਹੈ ਪਰ ਸਾਡੇ ਅੱਜ ਦੇ ਹਾਈ ਸਕੂਲਾਂ ਨੇ ਇਸ ਉਤੇ ਨਾ ਕੋਈ ਗਹੁ ਕੀਤਾ ਹੈ ਤੇ ਨਾ ਇਸ ਨੂੰ ਸਮਾਜਿਕ ਲਾਭਾਂ ਲਈ ਵਰਤਣ ਦਾ ਕੋਈ ਯਤਨ ਕੀਤਾ ਹੈ। ਇਸ ਗੱਲ ਦਾ ਕਿਆਸ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਨੌਜਵਾਨਾਂ ਦੀਆਂ ਆਤਮਾਵਾਂ ਵਿਚ ਪਰਉਪਕਾਰ ਅਤੇ ਸੇਵਾ ਦੀਆਂ ਕਿੰਨੀਆਂ ਮਹਾਨ ਉੱਚੀਆਂ ਭਾਵਨਾਵਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ, ਜੋ ਉਹਨਾਂ ਦੇ ਹਿਰਦਿਆਂ ਨੂੰ ਸਾਡੀ ਵਿਸ਼ਵਾਸ਼ਹੀਣ, ਕਠੋਰ ਤੇ ਵਿਗੜੇ ਰੂਪ ਵਾਲੀ ਦੁਨੀਆਂ ਖ਼ਰਾਬ ਨਾ ਕਰੇ। ਜੇ ਮਨੋ ਵਿਗਿਆਨੀਆਂ ਦੇ ਦੱਸੇ ਇਸ ਭਾਈਚਾਰਕ ਆਦਰਸ਼ ਨੂੰ ਪ੍ਰਫੁਲਤ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਇਸ ਉਤੇ ਵੀ ਸੰਸਾਰ ਦੀ ਉੱਨਤੀ ਅਤੇ ਭਲਾਈ ਦਾ ਓਨਾ ਹੀ ਨਿਰਭਰ ਹੈ ਜਿੰਨਾਂ ਕਿ ਸਾਇੰਸ ਦੀਆਂ ਨਵੀਆਂ ਖੋਜਾਂ ਉਤੇ। ਇਹ ਉਹ ਖ਼ਮੀਰ ਹੈ ਜਿਹੜਾ ਮਨੁੱਖੀ ਸਮਾਜ ਦੀਆਂ ਸੰਸਥਾਵਾਂ ਨੂੰ ਜ਼ੁਲਮਾਂ ਦਾ ਰੁਖ਼ ਧਾਰਨ ਕਰਨ ਤੋਂ ਰੋਕਦਾ ਰਹਿੰਦਾ ਹੈ ਅਰਥਾਤ ਜਿਵੇਂ ਖ਼ਮੀਰ ਆਟੇ ਵਿਚ ਪੈ ਕੇ ਉਸ ਨੂੰ ਕਾਠਾ ਹੋਣ ਤੋਂ ਰੋਕਦਾ ਹੈ, ਫੁਲਾਅ ਕੇ ਉਸ ਨੂੰ ਨਰਮ ਬਣਾ ਦਿੰਦਾ ਹੈ ਤਿਵੇਂ ਹੀ ਕਿਸੇ ਸੰਸਥਾ ਦੇ ਬੰਦਿਆਂ ਦੇ ਹਿਰਦਿਆਂ

Sri Satguru Jagjit Singh Ji eLibrary NamdhariElibrary@gmail.com

ਅੰਦਰ ਪ੍ਰਵੇਸ਼ ਕਰ ਕੇ ਇਹ ਗਿਆਨ ਉਨ੍ਹਾਂ ਨੂੰ ਨਰਮ ਹਿਰਦਿਆਂ ਵਾਲੇ ਦਇਆਵਾਨ ਬੰਦੇ ਬਣਾਈ ਰਖਦਾ ਹੈ। ਇੰਗਲੈਂਡ ਦੀ ਪੁਸਤਕ

Social Studies & World Citizenship.
—L.J.F. Brimble

ਮਹਲਾ ੪ ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥ (ਪੰਨਾ ੩੦੫)

# ਗੁਰਸਿੱਖ ਦੀ ਨਿਤ ਕਰਨੀ

ਗੁਰਸਿਖ ਭਲਕੇ ਉਠਿ ਕਰਿ ਅੰਮ੍ਰਿਤ ਵੇਲੇ ਸਰੁ ਨਾਵੰਦਾ ॥
ਗੁਰੂ ਕੇ ਬਚਨ ਉਚਾਰਿ ਕੇ ਧਰਮਸਾਲ ਦੀ ਸੁਰਤਿ ਕਰੰਦਾ ॥
ਸਾਧਸੰਗਤਿ ਵਿਚਿ ਜਾਇ ਕੇ ਗੁਰਬਾਣੀ ਦੇ ਪ੍ਰੀਤਿ ਸੁਣੰਦਾ ॥
ਸੰਕਾ ਮਨਹੁ ਮਿਟਾਇ ਕੈ ਗੁਰੁ ਸਿੱਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ ॥
ਗੁਰਸਿੱਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਧੁ ਖਾਵੰਦਾ ॥
ਕਲੀ ਕਾਲ ਪਰਗਾਸ ਕਰਿ ਗੁਰ ਚੇਲਾ ਚੇਲਾ ਗੁਰ ਸੰਦਾ ॥
ਗੁਰਮੁਖ ਗਾਡੀ ਰਾਹ ਚਲੰਦਾ ॥ ੪੦ ॥ ੧੧ ॥

( ਵਾਰ ਭਾਈ ਗੁਰਦਾਸ ਜੀ )

Sri Satguru Jagjit Singh Ji eLibrary NamdhariElibrary@gmail.com

ਗੁਰਮੁਖ (ਮੁਖੀ ਗੁਰੂ, ਸ਼ਰੋਮਣੀ ਗੁਰੂ, ਸਤਿਗੁਰੂ ਨੇ ਗੁਰਸਿੱਖਾਂ ਲਈ ਇਕ ਗਾਡੀ ਰਾਹ ਚਲਾਇਆ ਹੈ ਜਿਸ ਤੇ ਤੁਰ ਕੇ ਵੱਡੀ ਤੋਂ ਵੱਡੀ ਮੰਜ਼ਲ ਤੇ ਪੁੱਜ ਜਾਈਦਾ ਹੈ, ਸਗੋਂ ਗੁਰੂ ਨਾਲ ਅਭੇਦ ਵੀ ਹੋ ਜਾਈਦਾ ਹੈ। ਉਹ ਰਾਹ ਹੈ:-

ਗੁਰੂ ਦਾ ਸਿੱਖ ਪ੍ਰਤੀ-ਦਿਨ ਅੰਮ੍ਰਿਤ ਵੇਲੇ ਉੱਠ ਕੇ ਸਰੋਵਰਾਂ ਅਥਵਾ ਖੂਹਾਂ, ਤਲਾਬਾਂ ਪੁਰ ਇਸ਼ਨਾਨ ਕਰਦਾ ਹੈ। ਗੁਰੂ ਕੇ ਬਚਨ ਜਪੁ ਜੀ ਸ਼ਬਦ ਹਜ਼ਾਰੇ ਤੇ ਅਨੰਦ ਸਾਹਿਬ ਆਦਿਕ ਬਾਣੀਆਂ ਪੜ੍ਹ ਕੇ ਧਰਮਸਾਲਾ ਦੀ ਸੁਰਤ (ਧਰਮਸਾਲਾ ਵਿਚ ਜਾ ਕੇ ਸਤਿਸੰਗ) ਕਰਦਾ ਹੈ। ਸਾਧ ਸੰਗਤ ਵਿਚ ਮਿਲ ਕੇ ਗੁਰੂ ਦੀ ਬਾਣੀ ਪ੍ਰੀਤ ਨਾਲ ਸੁਣਦਾ ਹੈ। ਮਨ ਵਿਚੋਂ ਸ਼ੰਕਾਵਾਂ ਦੂਰ ਕਰ ਕੇ ਗੁਰੂ ਦੇ ਸਿੱਖਾਂ (ਸੰਗਤਾਂ) ਦੀ ਸੇਵਾ ਕਰਦਾ ਹੈ। ਉਹ ਦਸਾਂ ਨਹੁੰਆਂ ਦੀ ਧਰਮ ਦੀ ਕ੍ਰਿਤ ਕਰ ਕੇ ਉਸ ਵਿਚੋਂ ਈਮਾਨਦਾਰੀ ਨਾਲ ਰੋਜ਼ੀ ਕਮਾ ਕੇ ਪ੍ਰਸ਼ਾਦ ਸਾਧ ਸੰਗਤ ਵਿਚ ਲਿਆ ਕੇ ਵਰਤਾਉਂਦਾ ਹੈ। (ਪਹਿਲਾਂ) ਗੁਰੂਸਿਖਾਂ (ਸੰਗਤਾਂ) ਨੂੰ ਦੇ ਕੇ (ਛਕਾ ਕੇ) ਬਚੇ ਵਿਚੋਂ ਫਿਰ ਆਪ ਛਕਦਾ ਹੈ।

ਮੇਰੇ ਸਤਿਗੁਰ ਨੇ ਇਸ ਕਲਯਗ ਵਿਚ ਪ੍ਰਕਾਸ਼ ਦੇ ਕੇ ਐਸੀ ਕਲਾ ਵਰਤਾਈ ਹੈ ਕਿ ਸਾਧ ਸੰਗਤ ਦੁਆਰਾ ਗੁਰੂ ਤੇ ਚੇਲਾ ਅਭੇਦ ਹੋ ਜਾਂਦੇ ਹਨ। ਗੁਰਮੁਖ (ਗੁਰੂ) ਨੇ ਇਹ ਗਾਡੀ ਰਾਹ ਸਭ ਦੀ ਕਲਿਆਣ ਲਈ ਚਲਾ ਦਿੱਤਾ ਹੈ।

ਉੱਪਰ ਲਿਖਿਆ ਸ੍ਰੀ ਗੁਰੂ ਰਾਮਦਾਸ ਜੀ ਦਾ ਸ਼ਬਦ ਤੇ ਭਾਈ ਗੁਰਦਾਸ ਜੀ ਦਾ ਵਾਕ ਦੋਹਾਂ ਵਿਚ ਇਕ ਗੁਰਮੁਖ ਦਾ ਪ੍ਰਤੀ-ਦਿਨ ਦਾ ਮੁੱਢਲਾ ਕਰਤੱਵ ਦੱਸਿਆ ਗਿਆ ਹੈ। ਬੰਦੇ ਦਾ ਜੀਵਨ ਤਦੇ ਸਫ਼ਲ ਹੈ ਜੇਕਰ ਉਸ ਦੀਆਂ ਸ਼ਕਤੀਆਂ ਦਾ ਪੂਰਾ ਪੂਰਾ ਵਿਕਾਸ ਹੋਵੇ। ਕਿਸੇ ਵਿਦਵਾਨ ਦਾ ਕਥਨ ਹੈ ਕਿ ਇਕ ਸਾਧਾਰਨ ਬੰਦੇ ਦੀਆਂ ਸ਼ਕਤੀਆਂ ਦਾ ਵਿਕਾਸ ੧੦੦ ਹਿੱਸਿਆਂ ਵਿਚੋਂ ਕੇਵਲ ੧੫ ਹਿੱਸੇ ਹੀ ਹੋਇਆ ਹੁੰਦਾ ਹੈ ਤੇ ਉਸ ਦੀਆਂ ੮੫ ਫ਼ੀ ਸਦੀ

Sri Satguru Jagjit Singh Ji eLibrary NamdhariElibrary@gmail.com

ਸ਼ਕਤੀਆਂ ਸੁੱਤੀਆਂ ਭੀ ਰਹਿੰਦੀਆਂ ਹਨ । ਗੁਰਦੁਆਰਿਆਂ ਦੇ ਸਤਿਸੰਗਾਂ ਵਿਚ ਸ਼ਾਮਲ ਹੋਣ ਤੇ ਗੁਰਦੁਆਰਿਆਂ ਦੀ ਹੱਥੀਂ ਸੇਵਾ ਸਿਮਰਨ ਤੋਂ ਬੰਦੇ ਦੀਆਂ ਸ਼ਕਤੀਆਂ ਦਾ ਵਿਕਾਸ ਕਿਸ ਰੂਪ ਵਿਚ ਹੁੰਦਾ ਹੈ, ਇਸ ਦੀਆਂ ਕੁਝ ਮਿਸਾਲਾਂ ਮੈਂ ਆਪਣੇ ਜੀਵਨ ਦੇ ਇਸ ਵਿਰਤਾਂਤ ਵਿਚ ਦਿਤੀਆਂ ਹਨ। —ਭਗਤ ਪੂਰਨ ਸਿੰਘ

### ਸਿੱਖ ਗੁਰੂ ਸਾਹਿਬਾਨ ਦੀਆਂ ਨਜ਼ਰਾਂ ਵਿਚ

# ਗੁਰੂ ਕੇ ਲੰਗਰ

### ਦੇ ਭਾਂਡੇ ਮਾਂਜਣ ਦੀ ਮਹੱਤਤਾ

ਗੁਰੂ ਸਾਹਿਬ ਐਸੇ ਬੰਦੇ ਨਹੀਂ ਲੱਭਦੇ ਸਨ, ਜਿਨ੍ਹਾਂ ਦਾ ਰਾਜਸੀ ਪ੍ਰਤਾਪ ਹੋਵੇ ਜਾਂ ਜਿਨ੍ਹਾਂ ਪਾਸ ਮਾਇਆ ਬਹੁਤੀ ਹੋਵੇ। ਉਹ ਬੇਗ਼ਰਜ਼ ਸੇਵਕ ਲੱਭਦੇ ਸਨ ਜਾਂ ਐਸੇ ਸੇਵਕ ਆਪ ਤਿਆਰ ਕਰ ਲੈਂਦੇ ਸਨ। ਜਦ (ਗੁਰੂ) ਅਮਰਦ ਸ ਜੀ ਪਹਿਲੀ ਵਾਰ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤਾਂ ਗੁਰੂ ਜੀ ਨੂੰ ਦਿਸ ਪਿਆ ਕਿ ਕੁਦਰਤ ਨੇ ਇਕ ਸੱਚੇ ਸੇਵਕ ਨੂੰ ਉਨ੍ਹਾਂ ਪਾਸ ਭੇਜ ਦਿਤਾ ਹੈ—ਜਿਨ੍ਹਾਂ ਦੇ ਸਪੁਰਦ 'ਸਿੱਖੀ-ਲਹਿਰ ਜਾਂ ਗੁਰਸਿੱਖ ਲਹਿਰ ਕੀਤੀ ਜਾ ਸਕੇਗੀ।' ਪਰ ਪਹਿਲਾਂ ਉਹ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਕਾਉਣਾ ਚਾਹੁੰਦੇ ਸਨ । ਉਹਨਾਂ ਨੂੰ ਪਹਿਲਾਂ ਸਿਖਿਆ ਇਹ ਦਿਤੀ ਗਈ ਕਿ ਉਹ ਨਿਤਾ-ਪ੍ਰਤੀ ਜਪੁ ਜੀ ਸਾਹਿਬ ਪੜ੍ਹ ਕੇ ਗੁਰਮਤਿ ਵਿਚਾਰਧਾਰਾ ਨੂੰ ਸਮਝ ਕੇ ਤੇ ਲੰਗਰ ਦੇ ਭਾਂਡੇ ਮਾਂਜ ਕੇ ਅਮਲੀ ਤੌਰ ਤੇ ਭ ਰ ਗਉਰੇ ਬਣਨਗੇ। ਭਾਂਡੇ ਮਾਂਜਣ ਵਾਲਿਆਂ ਦੀ ਉਨ੍ਹਾਂ ਪਾਸ ਅੱਗੇ ਕੋਈ ਥੁੜ੍ਹ ਨਹੀਂ ਸੀ ਪਰ ਉਹ ਇਹ ਚਾਹੁੰਦੇ ਸਨ ਕਿ ਜਿਸ ਪੁਰਸ਼ ਨੇ "ਸਿੱਖ-ਲਹਿਰ' ਨੂੰ ਅਗਾਂਹ ਤੋਰਨ ਦਾ ਮੋਢੀ ਬਣਨਾ ਹੈ ਉਹ ਪਹਿਲਾਂ ਆਪ ਹਰ ਤਰ੍ਹਾਂ ਨਾਲ ਸੰਪੂਰਨ ਹੋਵੇ। ਉਹ ਭਾਂਡੇ ਮਾਂਜ ਕੇ ਅਤਿ ਨਿਮਰਤਾ ਤ ਗ਼ਰੀਬੀ ਦੇ ਘਰ ਵਿਚ ਆਵੇ ਅਤੇ ਆਪਣੇ ਅੰਦਰ ਦੀ ਸਾਰੀ ਮੈਲ ਧੋ ਦੇਵੇ ਤੇ ਇਸ ਤਰ੍ਹਾਂ

ਸਾਰੇ ਸੰਸਾਰ ਦੀ ਮੈਲ ਧੋਣ ਦੀ ਸਮਰੱਥਾ ਪਰਾਪਤ ਕਰੇ।

—ਪ੍ਰੋ: ਨਰੈਣ ਸਿੰਘ

ਭਾਈ ਗੁਰਦਾਸ ਜੀ ਦੇ ਪਿਛੇ ਦਿਤੇ ਵਾਕ "ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰ ਨ੍ਹਾਵੰਦਾ" ਵਿਚ ਮਨੁੱਖਾ ਜੀਵਨ ਦੇ ਪੂਰਨ ਵਿਕਾਸ ਤੇ ਪ੍ਰਫੁਲਤਾ ਦਾ ਭੇਦ ਛੁਪਿਆ ਪਿਆ ਹੈ।

## ਗੁਰੂ ਕੇ ਲੰਗਰ ਦੀ ਮਹਾਨਤਾ

ਸਿੱਖ ਗੁਰੂ ਸਾਹਿਬਾਨ "ਏਕ ਪਿਤਾ ਏਕਸ ਕੇ ਹਮ ਬਾਰਿਕ" ਉਹਨਾਂ ਵਲੋਂ ਦੱਸੇ ਗਏ ਮਾਨਵ ਜਾਤੀ ਦੀ ਏਕਤਾ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਸਗਤ ਪੰਗਤ ਦੀ ਏਕਤਾ ਨੂੰ ਬੇਹੱਦ ਜ਼ਰੂਰੀ ਸਮਝਿਆ ਸੀ ਤਾਂ ਜੋ ਏਕਤਾ ਦੀ ਤਾਲੀਮ ਜੀਵਨ ਵਿਚ ਪੱਕੀ ਹੋ ਕੇ ਸਾਰੇ ਜੀਵਨ ਨੂੰ ਇਸੇ ਹੀ ਰੰਗ ਵਿਚ ਰੰਗ ਦੇਵੇ, ਇਹ ਇਸ ਹੱਦ ਤੱਕ ਲਿਜਾਈ ਗਈ ਸੀ ਕਿ ਗੁਰੂ ਅਮਰਦਾਸ ਜੀ ਦਾ ਇਹ ਨੇਮ ਬਣ ਗਿਆ ਸੀ ਕਿ ਕੋਈ ਵੀ ਪੁਰਸ਼ ਉਹਨਾਂ ਨੂੰ ਮਿਲਣ ਆਵੇ, ਉਹ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਿ ਛਕੇ। ਅਕਬਰ ਬਾਦਸ਼ਾਹ ਨੂੰ ਵੀ ਇਕ ਸਮੇਂ ਇਸੇ ਨਿਯਮ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਗਈ ਸੀ ਜੋ ਉਹਨਾਂ ਪਰਵਾਨ ਚਾੜ੍ਹੀ ਸੀ। ਲੰਗਰ ਵਿਚ ਜੇ ਸਭ ਪ੍ਰਾਣੀ-ਮਾਤਰ ਰਲ ਕੇ ਪ੍ਰਸ਼ਾਦਿ ਛਕਣ ਤਾਂ ਭਾਈਚਾਰਕ ਅਤੇ ਆਰਥਿਕ ਏਕਤਾ ਦਾ ਇਸ ਤੋਂ ਵੱਧ ਅਤੇ ਚੰਗਾ ਪ੍ਰਗਟਾਵਾ ਹੋਰ ਕੀ ਹੋ ਸਕਦਾ ਹੈ ? ਇਹੋ ਕਾਰਨ ਸੀ ਕਿ ਗੁਰੂ ਸਾਹਿਬਾਨ ਦੀ ਮੌਜੂਦਗੀ ਵਿਚ ਹੀ ਅਜਿਹੇ ਪੂਰਨੇ ਪੈ ਗਏ ਸਨ ਜਿਨ੍ਹਾਂ ਨਾਲ ਏਕਤਾ, ਪ੍ਰੇਮ ਤੇ ਸੇਵਾ ਦੀ ਇਕ ਲਹਿਰ ਹੀ ਚੱਲ ਪਈ ਸੀ। ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਮਹੱਤਤਾ ਨੂੰ ਵਧਾਉਣ ਲਈ

Sri Satguru Jagjit Singh Ji eLibrary NamdhariElibrary@gmail.com

ਹੀ ਇਸ ਦਾ ਪ੍ਰਬੰਧ ਆਪਣੇ ਮਹਿਲ ਮਾਤਾ ਖੀਵੀ ਜੀ ਦੇ ਸਪੁਰਦ ਕਰ ਦਿਤਾ ਸੀ । ਇਸ ਗੱਲ ਦੀ ਗਵਾਹੀ ਬਲਵੰਡ ਜੀ ਨੇ ਆਪਣੀ ਵਾਰ ਵਿਚ ਇਉਂ ਦਿਤੀ ਹੈ :–

"ਬਲਵੰਡ ਖੀਵੀ ਨੇਕ ਜਨ,
ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ,
ਰਸੁ ਅੰਮ੍ਰਿਤੁ ਖੀਰਿ ਘਿਆਲੀ ॥"

ਅਰਥਾਤ–"ਖੀਵੀ ਜੀ ਵਰਗੀ ਉੱਤਮ ਸੇਵਕਾ ਦੀ ਸੰਘਣੀ ਛਾਉਂ ਸਿੱਖ ਜਗਤ ਨੂੰ ਪ੍ਰਾਪਤ ਸੀ । ਗੁਰੂ ਜੀ ਪਾਸ ਆਈ ਭੇਟਾ ਲੰਗਰ ਦੀ ਸੇਵਾ ਵਿਚ ਹੀ ਲਾ ਦਿਤੀ ਜਾਂਦੀ ਸੀ ਜਿਥ ਦੁੱਧ ਘਿਓ ਨਾਲ ਤਿਆਰ ਕੀਤੀ ਅੰਮ੍ਰਿਤ ਵਰਗੀ ਖੀਰ ਵਰਤਾਈ ਜਾਂਦੀ ਸੀ ।"

"ਗੁਰੂ ਦੀ ਗੋਲਕ" ਤਾਂ ਹੀ ਹਰੀ ਭਰੀ ਸਮਝਣੀ ਚਾਹੀਦੀ ਹੈ ਜੇ ਇਹ ਗ਼ਰੀਬ ਦਾ ਮੂੰਹ ਭਰਦੀ ਹੋਵੇ ।"

ਦਸਮ ਪਾਤਿਸ਼ਾਹ ਜੀ ਦੇ ਸਮੇਂ ਭਾਈ ਨੰਦ ਲਾਲ ਜੀ ਵਰਗੀਆਂ ਵਿਦਵਾਨ ਹਸਤੀਆਂ ਨੇ ਆਪਣ ਹੀ ਉੱਦਮ ਨਾਲ ਆਪਣੇ ਜ਼ਿੰਮੇ ਲੰਗਰ ਦੀ ਸੇਵਾ ਚੁੱਕੀ ਹੋਈ ਸੀ। ਇਕ ਸਮੇਂ ਗੁਰੂ ਸਾਹਿਬਾਨ ਆਪ ਇਸ ਪ੍ਰਕਾਰ ਦੇ ਲੰਗਰਾਂ ਨੂੰ ਭੇਸ ਬਦਲ ਕੇ ਪਰਖਣ ਤੁਰ ਸਨ । ਦੂਜੇ ਦਿਨ ਸੰਗਤਾਂ ਵਿਚ ਹਾਜ਼ਰ ਹੋ ਕੇ ਉਚੇਚੇ ਤੌਰ ਤੇ ਸਿੱਖ ਸੰਗਤਾਂ ਨੂੰ ਦੱਸਿਆ ਸੀ ਕਿ ਭਾਈ ਸਾਹਿਬ ਨੰਦ ਲਾਲ ਜੀ ਦਾ ਲੰਗਰ ਸਭ ਤੋਂ ਵਧੀਆ ਹੈ ਜਿਥੇ ਸੇਵਾ ਭਗਤੀ-ਭਾਵ ਦੇ ਜਜ਼ਬੇ ਹੇਠ ਹੁੰਦੀ ਹੈ ਤੇ ਜਿਥ ਹਰ ਸਮੇਂ ਆਏ ਜਾਤਰੂਆਂ ਦਾ ਨਿੱਘ ਨਾਲ ਸੁਆਗਤ ਕੀਤਾ ਜਾਂਦਾ ਹੈ । ਗੁਰੂ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਲੰਗਰ ਦੀ ਇਹ ਸ਼ੇਵਾ ਬੜੀ ਉੱਤਮ ਸੇਵਾ ਹੈ,

Sri Satguru Jagjit Singh Ji eLibrary NamdhariElibrary@gmail.com

ਜੇ ਇਹ ਪੂਜਾ ਦੀ ਭਾਵਨਾ ਵਿਚ ਹੋ ਕੇ ਕੀਤੀ ਜਾਵੇ। ਗੁਰੂ ਕਾ ਲੰਗਰ ਇਕ ਤਰ੍ਹਾਂ ਦੀ ਪ੍ਰਯੋਗਸ਼ਾਲਾ ਹੈ ਜਿਥੇ ਸੇਵਾ ਦੀ ਜਾਚ ਸਿਖਣੀ ਹੁੰਦੀ ਹੈ, ਤਾਂ ਜੋ ਅੰਤ ਵਿਚ ਇਹ ਸਾਰੇ ਸੰਸਾਰ ਦੀ ਸੇਵਾ ਵਿਚ ਪ੍ਰਸਾਰਿਆ ਜਾ ਸਕੇ। ਗਰੀਬ ਦਾ ਮੂੰਹ 'ਗੁਰੂ ਦੀ ਗੋਲਕ' ਦਾ ਅਧਿਕਾਰੀ ਬਨਣਾ ਚਾਹੀਦਾ ਹੈ। ਲੰਗਰ ਦੀ ਸੇਵਾ ਇਸ ਕਰਕੇ ਵੀ ਮਹੱਤਵ ਪੂਰਨ ਹੈ ਕਿ ਇਸ ਵਿਚ ਲੱਗਾ ਪੁਰਸ਼ ਕੁਝ ਨਾ ਕੁਝ ਹੱਥੀਂ ਸੇਵਾ ਵੀ ਕਰਦਾ ਹੈ ਤੇ ਇਹ ਉਸ ਦੀ ਆਤਮਿਕ ਉਸਾਰੀ ਲਈ ਬੜੀ ਲੋੜੀਂਦੀ ਵਸਤੂ ਹੁੰਦੀ ਹੈ ਜਿਵੇਂ ਕਿ ਝਾੜੂ ਦੇਣਾ, ਜੂਠੇ ਭਾਂਡੇ ਮਾਂਜਣੇ, ਨਿਮਰਤਾ ਤੇ ਸੇਵਾ ਭਾਵ ਉਪਜਾਉਂਦੇ ਹਨ ਤੇ ਸੇਵਾ ਦੇ ਕੰਮਾਂ ਨੂੰ ਉੱਦਮ, ਉਤਸ਼ਾਹ ਤੇ ਲਗਨ ਨਾਲ ਕਰਨ ਦੀ ਆਦਤ ਪਾਉਂਦੇ ਹਨ।

## ਧਰਮਾਂ ਦੀ ਪਰਖ

### ਉਹਨਾਂ ਤੋਂ ਉਪਜੇ ਸਮਾਜਿਕ ਫਲਾਂ ਦੁਆਰਾ ਹੀ ਹੁੰਦੀ ਹੈ

ਵਧੇਰੇ ਹੋਰ ਵਧੇਰੇ ਧਰਮ ਦੀ ਕੇਵਲ ਇਕੋ ਇਕ ਪਰਖ ਹੈ ਜਿਸ ਨੂੰ ਆਧੁਨਿਕ ਜਗਤ ਕਾਫੀ ਸਮਝ ਸਕੇਗਾ ਕਿ ਇਹ ਆਪਣੇ ਦੇਸ਼ ਦੀਆਂ ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਵਰਤੀਣ ਯਗ ਹੈ ਜਾਂ ਨਹੀਂ। ਆਪਣੇ ਆਪਣੇ ਧਰਮ ਵੱਲ ਈਮਾਨਦਾਰੀ ਦੀ ਨਜ਼ਰ ਨਾਲ ਵੇਖੋ ਤੇ ਦਸੋ ਕਿ ਇਹ ਤੁਹਾਡੇ ਦੇਸ਼ ਦੀ ਪੱਧਰ ਉਚੇਰਾ ਚੁੱਕ ਰਿਹਾ ਹੈ? ਕੀ ਇਹ ਜਗਤ ਵਿਚ ਚਾਲੂ ਵੀ ਹੋ ਸਕਦਾ ਹੈ ਅਰਥਾਤ ਇਸ ਦੇ ਸਿਧਾਂਤ ਅਜਿਹੇ ਤਾਂ ਨਹੀਂ ਜੋ ਇਸ ਨੂੰ ਜਗਤ ਅੰਦਰ ਚਲ ਸਕਣ ਦੇ ਯੋਗ ਹੀ ਨਹੀਂ ਬਣਾਉਂਦੇ? ਕੀ ਇਸ ਤੋਂ ਅਜਿਹੇ ਨਤੀਜੇ ਨਿਕਲਦੇ ਹਨ ਜੋ ਤੁਸੀਂ ਜਾਣਦੇ ਹੋ ਕਿ ਨਿਕਲਣੇ ਚਾਹੀਦੇ ਹਨ? ਜੇ ਕੋਈ ਮਨੁੱਖ ਇਸ ਦੀ ਤਾਬੇਦਾਰੀ ਤੇ ਇਕਲੇ ਇਸੇ ਦੀ ਹੀ ਮੁਕੰਮਲ ਤਾਬੇਦਾਰੀ ਕਬੂਲ ਕਰੇ ਤਾਂ ਉਹ ਕਿਹੜੀ ਸਮਾਜਿਕ ਸੇਵਾ ਜਾਂ ਦੇਸ਼-ਭਗਤੀ ਤੋਂ ਪ੍ਰੇਰਤ

Sri Satguru Jagjit Singh Ji eLibrary NamdhariElibrary@gmail.com

ਹੋਵੇਗਾ ? ਭਾਰਤ ਅੰਦਰ ਨੌਜਵਾਨਾਂ ਦੇ ਸਾਹਮਣੇ ਇਸ ਵੇਲੇ ਉਹ ਮਸਲੇ ਹਨ ਜੋ ਇਸ ਤੋਂ ਪਹਿਲਾਂ ਕਦੇ ਨਹੀਂ ਹੋਏ। ਜੇ ਉਹ ਚਾਹੁੰਦੇ ਹਨ ਕਿ ਆਪਣੇ ਧਰਮ ਦੀ ਸਚਾਈ ਦੀ ਪਰਖ ਪ੍ਰੀਖਿਆ ਘਰ (ਲੇਬੋਰੇਟਰੀ) ਦੇ ਢੰਗ ਨਾਲ ਕਰਨ ਤਾਂ ਉਹਨਾਂ ਨੂੰ ਵੇਖਣਾ ਚਾਹੀਦਾ ਹੈ ਕਿ ਉਹਨਾਂ ਦਾ ਧਰਮ ਉਹਨਾਂ ਨੂੰ ਕਿਸ ਹੱਦ ਤਕ ਸ਼ਕਤੀਸ਼ਾਲੀ ਤੇ ਉਤਸ਼ਾਹਿਤ ਕਰਦਾ ਹੈ। ਆਪਣੇ ਦੇਸ਼ ਦੀਆਂ ਮੁਸ਼ਕਿਲ ਸਮੱਸਿਆਵਾਂ ਨਾਲ ਦੋ ਹੱਥ ਕਰਨ ਲਈ ਅਤੇ ਉਹਨਾਂ ਦੇ ਹੱਲ ਪਰਾਪਤ ਕਰਨ ਲਈ ਜਿਵੇਂ ਕਿ ਉਹ ਜਾਣਦੇ ਹਨ ਕਿ ਇਹ ਹੋਣੇ ਚਾਹੀਦੇ ਹਨ। (ਅਮਰੀਕਨ ਲੇਖਕ- ਡੀ. ਜੇ. ਫਲੇਮਿੰਗ ਦੀ ਪੁਸਤਕ "ਸੁਜੈਸ਼ਨਜ਼ ਫਾਰ ਸੋਸ਼ਲ ਹੈਲਪਫੁਲਨੈਸ" ਵਿਚੋਂ)

# RELIGIONS

## Tested by their social fruitage

More and more the test of a religion which the modern world will regard as adequate is its applicability to the solution of the social problems of one's country. Look frankly at your religion. See whether it is raising the level of your country. See whether it works, whether it produces the results you know should come. If a man yield absolutely to it alone to what social service or patriotism will he be inspired ? Young men in India are facing, as never before, the facts of their country. If they wish to test the truth of their religion by the laboratory method, let them see to what extent their religion empowers and inspires them to grapple with the hard problems of their country and solve them as they know they should be solved. —From the book : "Suggestions for Social Helpfulness" by Rev. D. J. Fleming. Published by G. A. Natesan & Co. Madras.

Sri Satguru Jagjit Singh Ji eLibrary NamdhariElibrary@gmail.com